ਪੰਜਾਬੀਆਂ ਦੇ ਹੱਕ ਦੀ ਆਵਾਜ਼

# ਰੋਜ਼ਾਨਾ ਸਵੇਰਾ

Monthly

ਬੁੱਧਵਾਰ, 22 ਜੂਨ 2022 ਅੰਕ-3 ਨਾਨਕਸ਼ਾਹੀ ਸੰਮਤ : 554 (ਪੰਨੇ : 8) ਮੁੱਲ: ₹5.00 RNI.T-Code.PUNPUN04267

www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com



AMAN ADVERTISEMENT AGENCY

GROWING YOUR BUSINESS WITH SOCIAL MEDIA

+91 98036 37036

## ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਉਣ ਵਾਲੇ 2 ਸ਼ਾਰਪ ਸ਼ੂਟਰ ਗ੍ਰਿਫ਼ਤਾਰ

- ਦਿੱਲੀ ਪੁਲਿਸ ਨੇ ਗੁਜਰਾਤ ਤੋਂ ਫੜੇ
- ਸ਼ੂਟਰ ਫ਼ੌਜੀ ਸੀ ਮੁੱਖ ਹਤਿਆਰਾ
- ਆਲਟੋ ਰਾਹੀਂ ਭਜਾਉਣ 'ਚ ਮਦਦ ਕਰਨ ਵਾਲਾ ਬਠਿੰਡਾ ਦਾ ਕੇਸ਼ਵ ਵੀ ਕਾਬੂ

ਨਵੀਂ ਦਿੱਲੀ,
-ਰੋਜ਼ਾਨਾ ਸਵੇਰਾ-

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ 'ਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਦੋ ਸ਼ੂਟਰਾਂ ਸਮੇਤ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਪ੍ਰਿਆਵਰਤ ਉਰਫ ਫ਼ੌਜੀ (26), ਕਸ਼ਿਸ਼ (24) ਤੇ ਕੇਸ਼ਵ ਕੁਮਾਰ (29) ਵਜੋਂ ਹੋਈ ਹੈ। ਫ਼ੌਜੀ ਹਰਿਆਣਾ ਦੇ ਸੋਨੀਪਤ ਤੇ ਕਸ਼ਿਸ਼ ਹਰਿਆਣਾ ਦੇ ਝੱਜਰ ਜ਼ਿਲੇ ਦਾ ਵਸਨੀਕ ਹੈ ਜਦਕਿ ਕੇਸ਼ਵ ਕੁਮਾਰ ਪੰਜਾਬ ਦੇ ਬਠਿੰਡਾ ਦਾ ਰਹਿਣ ਵਾਲਾ ਹੈ। ਪੁਲਿਸ ਨੇ ਦੱਸਿਆ ਕਿ ਤਿੰਨਾਂ ਨੂੰ 19 ਜੂਨ ਨੂੰ ਗੁਜਰਾਤ ਦੇ ਕੱਛ ਤੋਂ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੇ ਕਮਿਸ਼ਨਰ ਐਚ.ਜੀ.ਐਸ. ਧਾਲੀਵਾਲ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਫੜਨ ਲਈ ਅਸੀਂ ਕਈ ਜਗ੍ਹਾ ਛਾਪੇ ਮਾਰੇ। ਮੁਲਜ਼ਮਾਂ ਨੇ ਹੱਤਿਆ ਨੂੰ ਅੰਜਾਮ ਦੇਣ ਤੋਂ ਪਹਿਲਾਂ 8 ਤੋਂ 9 ਵਾਰ ਰੇਕੀ ਕੀਤੀ। ਧਾਲੀਵਾਲ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਦੇ ਕਬਜ਼ੇ 'ਚੋਂ 8 ਗ੍ਰਨੇਡ, 9 ਇਲੈਕਟ੍ਰਿਕ ਡੈਟੋਨੇਟਰ, ਤਿੰਨ ਪਿਸਤੌਲ, ਗ੍ਰਨੇਡ ਲਾਂਚਰ, ਇਕ ਅਸਾਲਟ ਰਾਈਫਲ, ਏ.ਕੇ. ਸੀਰੀਜ਼ ਅਸਾਲਟ ਰਾਈਫਲ ਦਾ ਇਕ ਪਾਰਟ, 20 ਕਾਰਤੂਸ ਤੇ 36 ਰੌਂਦ ਮਿਲੇ ਹਨ। ਪੁਲਿਸ ਨੇ ਦੱਸਿਆ ਕਿ ਵਾਰਦਾਤ ਸਮੇਂ ਪ੍ਰਿਆਵਰਤ ਨੇ ਸ਼ੂਟਰਾਂ ਦੀ ਟੀਮ ਦੀ ਅਗਵਾਈ ਕੀਤੀ ਸੀ ਅਤੇ ਉਹ





### ਗ੍ਰਨੇਡ ਹਮਲੇ ਦੀ ਵੀ ਸੀ ਯੋਜਨਾ

ਕੈਨੇਡਾ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਨਾਲ ਸਿੱਧਾ ਸੰਪਰਕ 'ਚ ਸੀ। ਪੁਲਿਸ ਨੇ ਦੱਸਿਆ ਕਿ ਪ੍ਰਿਆਵਰਤ ਉਰਫ਼ ਫ਼ੌਜੀ ਹੀ ਮੁੱਖ ਸ਼ੂਟਰ ਤੇ ਹਤਿਆਰਾ ਹੈ। ਧਾਲੀਵਾਲ ਮੁਤਾਬਿਕ ਮੂਸੇਵਾਲਾ ਦੀ ਹੱਤਿਆ ਨੂੰ ਅੰਜਾਮ ਦੇਣ 'ਚ ਦੋ ਸਰਗਰਮ ਗਰੋਹ ਸਨ। ਇਕ ਬੋਲੈਰੋ ਕਾਰ 'ਚ ਸਵਾਰ ਸੀ, ਜਦਕਿ ਦੂਸਰਾ ਕੋਰੋਲਾ ਕਾਰ 'ਚ ਸਵਾਰ ਸੀ। ਘਟਨਾ ਤੋਂ ਪਹਿਲਾਂ ਇਕ ਪੈਟਰੋਲ ਪੰਪ ਦੀ ਸੀ.ਸੀ.ਟੀ.ਵੀ. ਤਸਵੀਰ 'ਚ ਪ੍ਰਿਆਵਰਤ ਨੂੰ ਵੇਖਿਆ ਜਾ ਸਕਦਾ ਹੈ। ਪੁਲਿਸ ਨੇ ਦੱਸਿਆ ਕਿ ਉਹ ਪਹਿਲਾਂ ਵੀ ਹੱਤਿਆ ਦੇ ਦੋ ਕੇਸਾਂ 'ਚ ਸ਼ਾਮਿਲ ਹੈ ਅਤੇ ਉਸ ਨੂੰ ਸੋਨੀਪਤ 'ਚ ਇਕ ਕੇਸ ਦੇ ਸਿਲਸਿਲੇ 'ਚ 2015 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਸੋਨੀਪਤ 'ਚ 2021 ਦੇ ਇਕ ਹੋਰ ਹੱਤਿਆ ਕੇਸ 'ਚ ਵੀ ਲੋੜੀਂਦਾ ਸੀ। ਕਸ਼ਿਸ਼ ਵੀ ਸੀ.ਸੀ.ਟੀ.ਵੀ. ਤਸਵੀਰ 'ਚ ਨਜ਼ਰ ਆਇਆ ਸੀ। ਉਹ ਹਰਿਆਣਾ ਦੇ ਝੱਜਰ 'ਚ 2021 ਦੇ ਇਕ ਕਤਲ ਕੇਸ 'ਚ ਲੋੜੀਂਦਾ ਹੈ। ਪੁਲਿਸ ਨੇ ਦੱਸਿਆ ਕਿ ਕੇਸ਼ਵ ਨੂੰ ਬਠਿੰਡਾ 'ਚ 2020 'ਚ ਇਕ ਹੱਤਿਆ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੂੰ ਉਸ 'ਤੇ ਪੰਜਾਬ 'ਚ ਫਿਰੌਤੀ ਦੇ ਹੋਰ ਮਾਮਲਿਆਂ 'ਚ ਵੀ ਸ਼ਾਮਿਲ ਹੋਣ ਦਾ ਸ਼ੱਕ ਹੈ। ਬਾਅਦ 'ਚ ਦਿੱਲੀ ਪੁਲਿਸ ਨੇ ਉਕਤ ਤਿੰਨਾਂ ਮੁਲਜ਼ਮਾਂ ਨੂੰ ਦਿੱਲੀ ਦੀ ਇਕ ਅਦਾਲਤ 'ਚ ਪੇਸ਼ ਕੀਤਾ, ਜਿਥੇ ਅਦਾਲਤ ਨੇ ਤਿੰਨਾਂ ਮੁਲਜ਼ਮਾਂ ਨੂੰ 2 ਹਫਤਿਆਂ ਤੱਕ ਪੁਲਿਸ ਰਿਮਾਂਡ 'ਚ ਭੇਜ ਦਿੱਤਾ ਹੈ। ਦਿੱਲੀ ਪੁਲਿਸ ਨੇ ਅਦਾਲਤ ਤੋਂ ਮੰਗ ਕੀਤੀ ਸੀ ਕਿ ਵੱਡੀ ਸਾਜਿਸ਼ ਦਾ ਪਰਦਾਫਾਸ਼ ਕਰਨ ਲਈ ਉਨ੍ਹਾਂ ਤੋਂ ਪੁੱਛਗਿੱਛ ਦੀ ਲੋੜ ਹੈ।

**ਪੰਜਾਬ ਪੁਲਿਸ ਦੀ ਵਰਦੀ ਦਾ ਸੀ ਇੰਤਜ਼ਾਮ**

ਦਿੱਲੀ ਪੁਲਿਸ ਨੇ ਦੱਸਿਆ ਕਿ ਸ਼ੂਟਰਾਂ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਨੂੰ ਅੰਜਾਮ ਦੇਣ ਲਈ ਪੰਜਾਬ ਪੁਲਿਸ ਦੀ ਵਰਦੀ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ ਪਰ ਉਸ ਨੂੰ ਵਰਤਿਆ ਨਹੀਂ ਗਿਆ ਕਿਉਂਕਿ ਉਹ ਆਪਣੇ ਲਈ ਪਛਾਣ ਪੱਤਰ ਅਤੇ ਨਾਂਅ ਵਾਲੇ ਬੈਜਾਂ (ਬਿੱਲਿਆਂ) ਦਾ ਪ੍ਰਬੰਧ ਨਹੀਂ ਕਰ ਸਕੇ।

ਸਿੱਧੂ ਮੂਸੇਵਾਲਾ ਦੀ 2 ਗੱਡੀਆਂ 'ਚ ਸਵਾਰ 6 ਵਿਅਕਤੀਆਂ ਨੇ ਹੱਤਿਆ ਕੀਤੀ ਸੀ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਇਹ (ਬਾਕੀ ਸਫ਼ਾ 3 'ਤੇ)

## ਭਾਰਤ ਬੰਦ ਦਾ ਦੇਸ਼ ਦੇ ਕਈ ਹਿੱਸਿਆਂ 'ਚ ਵਿਆਪਕ ਅਸਰ

- 612 ਰੇਲਾਂ ਰੱਦ
- ਕਾਂਗਰਸ ਵਲੋਂ ਬੰਦ ਦੇ ਸਮਰਥਨ 'ਚ ਧਰਨਾ



ਨਵੀਂ ਦਿੱਲੀ,
-ਰੋਜ਼ਾਨਾ ਸਵੇਰਾ-

ਫ਼ੌਜ ਭਰਤੀ ਲਈ ਕੇਂਦਰ ਵਲੋਂ ਐਲਾਨੀ ਅਗਨੀਪਥ ਯੋਜਨਾ ਦੇ ਵਿਰੋਧ 'ਚ ਸੋਮਵਾਰ ਨੂੰ ਦਿੱਤੇ ਭਾਰਤ ਬੰਦ ਦੇ ਸੱਦੇ ਦਾ ਦੇਸ਼ ਦੇ ਕਈ ਹਿੱਸਿਆਂ 'ਚ ਵਿਆਪਕ ਪ੍ਰਭਾਵ ਵੇਖਣ ਨੂੰ ਮਿਲਿਆ। ਵਿਰੋਧ ਦਾ ਗੜ੍ਹ ਰਹੇ ਪੰਜਾਬ, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਦਿੱਲੀ, ਹਰਿਆਣਾ ਤੇ ਮੱਧ ਪ੍ਰਦੇਸ਼ ਜਿਹੇ ਰਾਜਾਂ 'ਚ ਪੁਲਿਸ ਵਲੋਂ ਚੌਕਸੀ ਵਧਾ ਦਿੱਤੀ ਗਈ। ਇਸ ਦੇ ਬਾਵਜੂਦ ਕਈ ਥਾਵਾਂ 'ਤੇ ਹਿੰਸਕ ਪ੍ਰਦਰਸ਼ਨ ਹੋਏ। ਇਨ੍ਹਾਂ ਹਿੰਸਕ ਪ੍ਰਦਰਸ਼ਨਾਂ ਦੇ ਖਦਸ਼ੇ ਕਾਰਨ ਭਾਰਤੀ ਰੇਲਵੇ ਨੇ ਇਹਤਿਹਾਤਨ 500 ਤੋਂ ਵੱਧ ਗੱਡੀਆਂ ਰੱਦ ਕਰ ਦਿੱਤੀਆਂ। ਇਸ ਤੋਂ ਇਲਾਵਾ ਪ੍ਰਦਰਸ਼ਨ ਦਾ ਕੇਂਦਰ ਬਣੀ ਰਾਜਧਾਨੀ ਦਿੱਲੀ 'ਚ ਪੁਲਿਸ ਵਲੋਂ ਵਧਾਏ ਗਏ ਸੁਰੱਖਿਆ ਇੰਤਜ਼ਾਮਾਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਥਾਂ-ਥਾਂ 'ਤੇ ਲਾਏ

### ਦਿੱਲੀ 'ਚ ਕਈ ਥਾਵਾਂ 'ਤੇ ਲੱਗੇ ਲੰਬੇ ਟ੍ਰੈਫਿਕ ਜਾਮ

ਬੈਰੀਕੇਡਾਂ ਕਾਰਨ ਲੱਗੇ ਟ੍ਰੈਫ਼ਿਕ ਜਾਮ ਕਾਰਨ ਲੋਕਾਂ ਨੂੰ ਦਿਨ ਭਰ ਕਾਫ਼ੀ ਖ਼ੱਜਲ-ਖ਼ੁਆਰੀ ਦਾ ਸਾਹਮਣਾ ਕਰਨਾ ਪਿਆ। ਭਾਰਤ ਬੰਦ ਕਾਰਨ ਬਿਹਾਰ, ਉੱਤਰ ਪ੍ਰਦੇਸ਼ ਤੇ ਝਾਰਖੰਡ ਸਮੇਤ ਕਈ ਸੂਬਿਆਂ 'ਚ ਸਕੂਲ-ਕਾਲਜ ਬੰਦ ਰੱਖਣ ਦੇ ਵੀ ਆਦੇਸ਼ ਦਿੱਤੇ ਗਏ। ਵਿਰੋਧੀ ਧਿਰ ਕਾਂਗਰਸ ਨੇ ਭਾਰਤ ਬੰਦ ਦੇ ਸੱਦੇ ਨੂੰ ਪੂਰਾ ਸਮਰਥਨ ਦਿੰਦਿਆਂ ਜੰਤਰ-ਮੰਤਰ 'ਤੇ ਧਰਨਾ ਵੀ ਦਿੱਤਾ।

**ਦਿੱਲੀ 'ਚ ਘੰਟਿਆਂਬੱਧੀ ਲੱਗਾ ਜਾਮ**

ਰਾਜਧਾਨੀ ਦਿੱਲੀ 'ਚ ਭਾਰਤ ਬੰਦ ਦਾ ਵਿਆਪਕ ਅਸਰ ਵੇਖਣ ਨੂੰ ਮਿਲਿਆ, ਜਿਸ ਕਾਰਨ ਲੋਕਾਂ ਨੂੰ ਘੰਟਿਆਂਬੱਧੀ ਟ੍ਰੈਫ਼ਿਕ 'ਚ ਰਹਿਣਾ ਪਿਆ। ਦਿੱਲੀ-ਗੁਰੂਗ੍ਰਾਮ ਐਕਸਪ੍ਰੈੱਸਵੇਅ, ਦਿੱਲੀ-ਨੋਇਡਾ-ਦਿੱਲੀ ਫਲਾਈਵੇ, ਮੇਰਠ ਐਕਸਪ੍ਰੈੱਸਵੇਅ, ਆਨੰਦ ਵਿਹਾਰ, ਸਰਾਏ ਕਾਲੇ ਖਾਨ ਅਤੇ ਪ੍ਰਗਤੀ ਮੈਦਾਨ ਸਮੇਤ ਕਈ ਇਲਾਕਿਆਂ 'ਚ ਵਾਹਨ ਮੱਠੀ ਰਫ਼ਤਾਰ 'ਚ ਅੱਗੇ ਵਧਦੇ ਨਜ਼ਰ ਆਏ।

(ਬਾਕੀ ਸਫ਼ਾ 3 'ਤੇ)

ਗੌਰਵ ਡਾਇਗਨੋਸਟਿਕ ਸੈਂਟਰ

ਨਵੀਂ ਜਪਾਨੀ ਮਸ਼ੀਨ



- ਸੀ.ਟੀ. ਸਕੈਨ
- 3D-4D ਸਕੈਨ (ULTRASOUND)
- ECG, ECHO
- ਮੈਮੋਗ੍ਰਾਫੀ
- ਡਿਜ਼ੀਟਲ ਐਕਸ-ਰੇ

ਡਾ. ਗੌਰਵ ਗਰਗ (ਸਕੈਨ ਦੇ ਮਾਹਿਰ)

ਜੋੜੇਪੁਲ, ਬਾਈਪਾਸ ਰੋਡ, ਰਾਮਪੁਰਾ ਫੂਲ

ਮੋਬਾਇਲ. 91156-75007
ਫੋਨ. 01651-222777

ਪੰਜਾਬੀਆਂ ਦੇ ਹੱਕ ਦੀ ਆਵਾਜ਼
ਰੋਜ਼ਾਨਾ ਸਵੇਰਾ
(2)
22, ਜੂਨ 2022
Monthly
Rozana Savera
Bathinda

## ਸੰਪਾਦਕੀ

### ਧਾਰਮਿਕ ਆਧਾਰ ’ਤੇ ਨਫ਼ਰਤ ਕਰਨ/ਕਰਵਾਉਣ ਅਤੇ ਸੱਤਾ ਵਿਚਕਾਰਲਾ ਰਿਸ਼ਤਾ ਬਹੁਤ ਪੁਰਾਣਾ

ਜਦ ਕ੍ਰੋਧ, ਕੁੜੱਤਣ, ਹਉਮੈ ਤੇ ਅਜਿਹੇ ਹੋਰ ਜਜ਼ਬੇ ਮਨ ਵਿਚ ਜ਼ਹਿਰੀਲੇ ਭਾਵ ਪੈਦਾ ਕਰਦੇ ਹੋਏ ਇਕ ਹੱਦ ਤੋਂ ਵਧ ਜਾਂਦੇ ਹਨ ਤਾਂ ਨਫ਼ਰਤ ਦਾ ਜਨਮ ਹੁੰਦਾ ਹੈ। ਜਦ ਨਫ਼ਰਤ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਸ਼ਾਬਦਿਕ ਅਤੇ ਹਕੀਕੀ ਹਿੰਸਾ ਜਨਮਦੀ ਹੈ। ਨਫ਼ਰਤ ਤੇ ਹਿੰਸਾ ਦੇ ਰਸਤੇ ’ਤੇ ਤੁਰ ਰਹੇ ਮਨੁੱਖ ਨੂੰ ਇਹ ਪਤਾ ਨਹੀਂ ਲੱਗਦਾ ਕਿ ਇਹ ਰਸਤਾ ਉਸ ਨੂੰ ਕਿਸ ਪਾਸੇ ਲੈ ਜਾਵੇਗਾ। ਨਫ਼ਰਤ ਤੇ ਹਿੰਸਾ ਕਾਰਨ ਵਕਤੀ ਸੱਤਾ ਅਤੇ ਝੂਠਾ ਮਾਣ-ਸਨਮਾਨ ਮਿਲਦਾ ਹੈ। ਮਨੁੱਖ ਨਫ਼ਰਤ ਤੇ ਹਿੰਸਾ ਦੁਆਰਾ ਕੀਲਿਆ ਜਾਂਦਾ ਹੈ; ਉਸ ਨੂੰ ਲੱਗਦਾ ਹੈ ਕਿ ਇਹੀ ਉਸ ਦੇ ਜੀਵਨ ਦੇ ਟੀਚੇ ਹਨ। ਪ੍ਰੇਮ, ਸਾਂਝੀਵਾਲਤਾ, ਸ੍ਵੈਮਾਣ, ਨਫ਼ਰਤ, ਹਿੰਸਾ ਅਤੇ ਹੋਰ ਜਜ਼ਬੇ ਤੇ ਭਾਵਨਾਵਾਂ ਕਿਸੇ ਖਲਾਅ ਵਿਚ ਨਹੀਂ ਜਨਮਦੀਆਂ। ਇਹ ਸਮਾਜ, ਘਰ-ਪਰਿਵਾਰਾਂ, ਸਕੂਲਾਂ-ਕਾਲਜਾਂ ਅਤੇ ਧਾਰਮਿਕ ਅਸਥਾਨਾਂ ਵਿਚ ਜਨਮਦੀਆਂ ਅਤੇ ਪਣਪਦੀਆਂ ਹਨ। ਇਹੀ ਅਦਾਰੇ ਮਨੁੱਖੀ ਮਨਾਂ ਵਿਚ ਨਫ਼ਰਤ ਦੇ ਬੀਜ ਬੀਜਦੇ ਹਨ। ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਨਾਲ ਨਫ਼ਰਤ ਕਰਨੀ ਸਿਖਾਈ ਜਾਂਦੀ ਹੈ; ਦੂਸਰੇ ਫ਼ਿਰਕਿਆਂ ਦੇ ਵਿਅਕਤੀਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਣਾ ਆਪਣੇ ਧਰਮ ਦੀ ਸੇਵਾ ਦੱਸਿਆ ਜਾਂਦਾ ਹੈ; ਇਹ ਵਾਅਦੇ ਕੀਤੇ ਜਾਂਦੇ ਹਨ ਕਿ ਜੇ ਦੂਸਰੇ ਧਰਮਾਂ ਦੇ ਲੋਕਾਂ ਵਿਰੁੱਧ ਹਿੰਸਾ ਕਰਦਿਆਂ ਕੋਈ ਬੰਦਾ ਮਾਰਿਆ ਜਾਵੇ ਤਾਂ ਉਸ ਨੂੰ ਸਮਾਜਿਕ ਤੇ ਧਾਰਮਿਕ ਜੱਸ ਅਤੇ ਕੀਰਤੀ ਮਿਲੇਗੀ; ਉਸ ਨੂੰ ਸ਼ਹੀਦ ਤੇ ਆਤਮ-ਬਲੀਦਾਨੀ ਕਿਹਾ ਜਾਵੇਗਾ; ਉਹ ਸਵਰਗ/ਬਹਿਸ਼ਤ ਦਾ ਭਾਗੀ ਤੇ ਅਮਰ ਹੋ ਜਾਵੇਗਾ; ਉਸ ਦੇ ਪਰਿਵਾਰ ਨੂੰ ਮਾਣ-ਸਨਮਾਨ ਤੇ ਸ਼ੋਭਾ ਮਿਲੇਗੀ। ਧਾਰਮਿਕ ਆਧਾਰ ’ਤੇ ਨਫ਼ਰਤ ਕਰਨ/ਕਰਵਾਉਣ ਅਤੇ ਸੱਤਾ ਵਿਚਕਾਰਲਾ ਰਿਸ਼ਤਾ ਬਹੁਤ ਪੁਰਾਣਾ ਹੈ। ਧਾਰਮਿਕ ਆਗੂ ਸੱਤਾ ਤੋਂ ਫ਼ਾਇਦੇ ਲੈਣ ਤੇ ਉਨ੍ਹਾਂ ਤੋਂ ਸਨਮਾਨਿਤ ਹੋਣ ਦੇ ਢੰਗ-ਤਰੀਕੇ ਲੱਭਦੇ ਰਹੇ ਹਨ; ਉਹ ਹਮੇਸ਼ਾ ਹਾਕਮਾਂ ਨੂੰ ਇਹ ਦੱਸਦੇ ਰਹੇ ਕਿ ਉਹ (ਭਾਵ ਹਾਕਮ) ਧਾਰਮਿਕ ਰਾਹ-ਰਸਤਿਆਂ ਤੋਂ ਭਟਕ ਰਹੇ ਹਨ ਅਤੇ ਉਹ (ਧਾਰਮਿਕ ਆਗੂ) ਹੀ ਉਨ੍ਹਾਂ ਨੂੰ ਸਹੀ ਤੇ ਸੱਚੀ ਰਾਹ ਦੱਸ ਸਕਦੇ ਹਨ। ਹਾਕਮਾਂ ਨੂੰ ਵੀ ਧਾਰਮਿਕ ਆਗੂ ਬਹੁਤ ਰਾਸ ਆਉਂਦੇ ਹਨ। ਇਸ ਤਰ੍ਹਾਂ ਦੋਵੇਂ ਧਿਰਾਂ ਇਕ ਦੂਸਰੇ ਦੀਆਂ ਪੂਰਕ ਹਨ। ਸੱਤਾ ਤੇ ਧਰਮ ਵਿਚਲੀ ਸਹਿਹੋਂਦ ਦੀ ਇਹ ਖੇਡ ਕਾਫ਼ੀ ਪੁਰਾਣੀ ਹੈ।

ਇਹ ਖੇਡ ਹੁਣ ਵੀ ਚੱਲ ਰਹੀ ਹੈ; ਸਾਡੇ ਦੇਸ਼ ਦੇ ਨਾਲ ਨਾਲ ਅਫ਼ਗਾਨਿਸਤਾਨ, ਪਾਕਿਸਤਾਨ, ਸ੍ਰੀਲੰਕਾ, ਮਿਆਂਮਾਰ ਤੇ ਬੰਗਲਾਦੇਸ਼ ਵਿਚ। ਇਰਾਨ, ਇਰਾਕ, ਸਾਊਦੀ ਅਰਬ, ਸੀਰੀਆ, ਮਿਸਰ, ਯਮਨ, ਯੂਏਈ, ਇਜ਼ਰਾਈਲ ਤੇ ਹੋਰ ਦੇਸ਼ਾਂ ਵਿਚ। ਅਮਰੀਕਾ, ਕੈਨੇਡਾ, ਚੀਨ, ਕੋਈ ਵੀ ਦੇਸ਼ ਇਸ ਤੋਂ ਬਚਿਆ ਨਹੀਂ। ਫ਼ਰਕ ਸਿਰਫ਼ ਏਨਾ ਹੈ ਕਿ ਧਾਰਮਿਕ ਕੱਟੜਪੰਥੀਆਂ ਨੂੰ ਕਿੱਥੇ ਕਿੰਨੀ ਆਜ਼ਾਦੀ ਦਿੱਤੀ ਜਾਂਦੀ ਹੈ। ਪਾਕਿਸਤਾਨ ਵਰਗੇ ਧਰਮ-ਆਧਾਰਿਤ ਦੇਸ਼ਾਂ ਵਿਚ ਧਾਰਮਿਕ ਕੱਟੜਪੰਥੀਆਂ ਦਾ ਬੋਲਬਾਲਾ ਹੈ ਅਤੇ ਉਹ ਘੱਟਗਿਣਤੀ ਫ਼ਿਰਕਿਆਂ ਜਿਨ੍ਹਾਂ ਵਿਚ ਹਿੰਦੂ, ਸਿੱਖ, ਇਸਾਈ, ਅਹਿਮਦੀਆ ਅਤੇ ਸ਼ੀਆ ਮੁਸਲਮਾਨ ਸ਼ਾਮਲ ਹਨ, ਨੂੰ ਨਿਸ਼ਾਨਾ ਬਣਾਉਂਦੇ ਹਨ। ਧਰਮ-ਆਧਾਰਿਤ ਦੇਸ਼ਾਂ ਵਿਚ ਕੱਟੜਪੰਥੀ ਆਪਣੀਆਂ ਕਾਰਵਾਈਆਂ ਨੂੰ ਇਸ ਆਧਾਰ ’ਤੇ ਨਿਆਂ-ਸੰਗਤ ਦੱਸਦੇ ਹਨ ਕਿ ਉਨ੍ਹਾਂ ਦੇਸ਼ਾਂ ਦੇ ਸੰਵਿਧਾਨ ਧਰਮ ’ਤੇ ਆਧਾਰਿਤ ਹਨ ਅਤੇ ਦੂਸਰੇ ਧਰਮਾਂ ਦੇ ਲੋਕ ਦੂਸਰੇ ਦਰਜੇ ਦੇ ਸ਼ਹਿਰੀ ਹਨ।

ਭਾਰਤ ਵਿਚ ਵੀ ਇਸ ਖੇਡ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਬਹੁਗਿਣਤੀ ਫ਼ਿਰਕੇ ਵਿਚ ਉੱਭਰੇ ਧਾਰਮਿਕ ਕੱਟੜਪੰਥੀਆਂ ਨੂੰ 1980ਵਿਆਂ ਵਿਚ ਇਹ ਗਿਆਨ ਹੋ ਗਿਆ ਸੀ ਕਿ ਉਹ ਇਸੇ ਰਾਹ ’ਤੇ ਚੱਲ ਕੇ ਸੱਤਾ ਤਕ ਪਹੁੰਚ ਸਕਦੇ ਹਨ। 1992 ਵਿਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਨੇ ਇਸ ਲਹਿਰ ਨੂੰ ਹੁਲਾਰਾ ਦਿੱਤਾ ਅਤੇ 2002 ਦੇ ਗੁਜਰਾਤ ਦੰਗਿਆਂ ਨੇ ਇਹ ਵਿਸ਼ਵਾਸ ਪਰਪੱਕ ਕੀਤਾ ਕਿ ਸੱਤਾ ਦੀ ਰਾਹ ਧਾਰਮਿਕ ਕੱਟੜਤਾ ਤੇ ਧਰੁਵੀਕਰਨ ਦੇ ਪੜਾਵਾਂ ਵਿਚਦੀ ਹੋ ਕੇ ਗੁਜ਼ਰਦੀ ਹੈ। ਹੁਣ ਧਾਰਮਿਕ ਆਧਾਰ ’ਤੇ ਨਫ਼ਰਤ ਫੈਲਾਉਣ ਨੂੰ ਇਕ ਮਜ਼ਬੂਤ ਸਿਆਸੀ ਹਥਿਆਰ ਤੇ ਸੁਨਿਸ਼ਚਿਤ ਯੋਜਨਾ/ਵਿਉਂਤਬੰਦੀ ਬਣਾਇਆ ਜਾ ਚੁੱਕਾ ਹੈ। 2014 ਵਿਚ ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਸੰਵਿਧਾਨ ਅਨੁਸਾਰ ਉਸਾਰੀਆਂ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਖੋਖਲੇ ਕਰ ਕੇ ਉਨ੍ਹਾਂ ਵਿਚ ਆਪਣੇ ਪੈਰੋਕਾਰ ਬਿਠਾਏ ਗਏ। ਹਜੂਮੀ ਹਿੰਸਾ, ਲਵ ਜਹਾਦ, ਭੋਜਨ ਤੇ ਲਿਬਾਸ ’ਤੇ ਆਧਾਰਿਤ ਵਿਤਕਰੇ, ਵਿਚਾਰਾਂ ਦੇ ਪ੍ਰਗਟਾਵੇ ’ਤੇ ਪਾਬੰਦੀਆਂ, ਬੁਲਡੋਜ਼ਰ ਕਾਰਵਾਈਆਂ, ਧਰਮ-ਸੰਸਦਾਂ ਵਿਚ ਨਫ਼ਰਤੀ ਪ੍ਰਚਾਰ ਅਤੇ ਹੋਰ ਤਰੀਕਿਆਂ ਨਾਲ ਬਹੁਗਿਣਤੀ ਫ਼ਿਰਕੇ ਦੇ ਲੋਕਾਂ ਦੇ ਮਨਾਂ ਵਿਚ ਨਫ਼ਰਤ ਪੈਦਾ ਕੀਤੀ ਗਈ; ਕੱਟੜਪੰਥੀ ਸੋਚ ਦੇ ਸਿਧਾਂਤਕਾਰ ਵੀ.ਡੀ. ਸਾਵਰਕਰ ਅਤੇ ਨੱਥੂ ਰਾਮ ਗੋਡਸੇ ਨੂੰ ਨਾਇਕ ਵਜੋਂ ਪੇਸ਼ ਕੀਤਾ ਗਿਆ; ਹਜੂਮੀ ਹਿੰਸਾ ਕਰਨ ਵਾਲਿਆਂ ਨੂੰ ਜਨਤਕ ਤੌਰ ’ਤੇ ਸਨਮਾਨਿਤ ਕੀਤਾ ਗਿਆ; ਸੱਤਾਧਾਰੀ ਪਾਰਟੀ ਦੇ ਆਪਣੇ ਆਗੂਆਂ ਨੇ ‘ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ... ਕੋ’ ਜਿਹੇ ਨਾਅਰੇ ਲਗਾ ਕੇ ਨਫ਼ਰਤ ਦੇ ਕਾਫ਼ਲੇ ਦੀ ਅਗਵਾਈ ਕੀਤੀ; ਦੇਸ਼ ਦੇ ਪ੍ਰਮੁੱਖ ਆਗੂ ਨੇ ਖ਼ੁਦ ਕਿਹਾ ਕਿ ਦੇਸ਼ ਦੇ ਦੁਸ਼ਮਣਾਂ ਦੀ ਪਛਾਣ ਉਨ੍ਹਾਂ ਦੇ ਲਿਬਾਸ ਤੋਂ ਕੀਤੀ ਜਾ ਸਕਦੀ ਹੈ। ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਦੁਹਰਾਉਣ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਗਿਆ।

ਸੱਤਾ ਅਤੇ ਮਸ਼ਹੂਰੀ ਦੇ ਚਾਹਵਾਨ ਇਸ ਨਫ਼ਰਤੀ ਪ੍ਰਚਾਰ ਵਿਚ ਹਿੱਸਾ ਪਾ ਕੇ ਸੱਤਾ ਹਾਸਿਲ ਕਰਨੀ ਚਾਹੁੰਦੇ ਹਨ। ਅਜਿਹਾ ਪ੍ਰਚਾਰ ਕਰਦਿਆਂ ਉਹ ਮਨੁੱਖਤਾ, ਸਾਂਝੀਵਾਲਤਾ, ਸਦਾਚਾਰ, ਸ਼ਰਾਫਤ ਅਤੇ ਸਾਊਪੁਣੇ ਦੇ ਸਭ ਅਸੂਲਾਂ ਨੂੰ ਤਿਲਾਂਜਲੀ ਦੇ ਦਿੰਦੇ ਹਨ। ਟੈਲੀਵਿਜ਼ਨਾਂ ’ਤੇ ਹੁੰਦੀਆਂ ਬਹਿਸਾਂ ਵਿਚ ਇਹ ਮੁਕਾਬਲਾ ਹੁੰਦਾ ਹੈ ਕਿ ਕੌਣ ਕਿੰਨੀ ਕੁੜੱਤਣ ਤੇ ਨਫ਼ਰਤ ਫੈਲਾ ਸਕਦਾ ਹੈ; ਕੌਣ ਕਿੰਨੀ ਜ਼ਹਿਰੀਲੀ ਭਾਸ਼ਾ ਬੋਲ ਸਕਦਾ ਹੈ; ਜ਼ਿਆਦਾ ਨਫ਼ਰਤੀ ਭਾਸ਼ਾ ਬੋਲਣ ਵਾਲੇ ਆਪਣੇ ਆਪ ਨੂੰ ਸਮਾਜ ਦੇ ਨਾਇਕ-ਨਾਇਕਾਵਾਂ ਸਮਝਦੇ ਹਨ। ਸਵਾਮੀ ਯਤੀ ਨਰਸਿੰਹਾਨੰਦ ਤੋਂ ਲੈ ਕੇ ਨੂਪੁਰ ਸ਼ਰਮਾ ਤਕ ਇਸ ਪਰਿਵਾਰ ਦੇ ਲੋਕਾਂ ਦੀ ਗਿਣਤੀ ਵੀ ਵਧ ਰਹੀ ਹੈ ਅਤੇ ਸੁਰ ਵੀ ਤਿੱਖੀ, ਉੱਚੀ ਤੇ ਕੁੜੱਤਣ ਭਰੀ ਹੋ ਰਹੀ ਹੈ। ਇਸੇ ਮੁਕਾਬਲੇ ਵਿਚ ਅੱਗੇ ਨਿਕਲਣ ਦੀ ਤੀਬਰ ਦੌੜ ਵਿਚ ਹਿੱਸਾ ਲੈਂਦੇ ਹੋਏ ਭਾਰਤੀ ਜਨਤਾ ਪਾਰਟੀ ਦੀ ਸਪੋਕਸਪਰਸਨ ਨੂਪੁਰ ਸ਼ਰਮਾ ਨੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਵਿਰੁੱਧ ਟੈਲੀਵਿਜ਼ਨ ’ਤੇ ਅਪਮਾਨਜਨਕ ਸ਼ਬਦ ਬੋਲੇ। ਨਵੀਨ ਜਿੰਦਲ ਨੇ ਟਵੀਟ ਕਰ ਕੇ ਉਸ ਦੀ ਹਮਾਇਤ ਕਰਦਿਆਂ ਉਨ੍ਹਾਂ ਨੂੰ ਹੋਰ ਵੀ ਕਠੋਰ ਭਾਸ਼ਾ ਵਿਚ ਪ੍ਰਗਟਾਇਆ। ਮੁਸਲਮਾਨ ਭਾਈਚਾਰੇ ਵਿਚ ਤਿੱਖਾ ਵਿਰੋਧ ਅਤੇ ਪ੍ਰਤੀਕਰਮ ਹੋਇਆ। ਕਈ ਸ਼ਹਿਰਾਂ ਵਿਚ ਫ਼ਿਰਕੂ ਹਿੰਸਾ ਹੋਈ। ਹਿੰਸਾ ਤੋਂ ਬਾਅਦ ਉੱਥੇ ਬੁਲਡੋਜ਼ਰ ਬੁਲਾਏ ਗਏ ਅਤੇ ਘੱਟਗਿਣਤੀ ਫ਼ਿਰਕੇ ਦੇ ਲੋਕਾਂ ਦੇ ਘਰਾਂ ਨੂੰ ਢਾਹਿਆ ਗਿਆ। ਦੇਸ਼ ਵਿਚ ਤਾਂ ਕੱਟੜਪੰਥੀ ਸਿਆਸਤ ਸਫ਼ਲ ਹੋ ਰਹੀ ਸੀ ਪਰ ਅੰਤਰਰਾਸ਼ਟਰੀ ਪੱਧਰ ’ਤੇ ਭਾਰਤ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। 16 ਤੋਂ ਜ਼ਿਆਦਾ ਇਸਲਾਮੀ ਦੇਸ਼ਾਂ ਨੇ ਸਫ਼ਾਰਤੀ ਪੱਧਰ ’ਤੇ ਭਾਰਤ ਨਾਲ ਨਾਰਾਜ਼ਗੀ ਪ੍ਰਗਟਾਈ ਅਤੇ ਕਈ ਦੇਸ਼ਾਂ ਵਿਚ ਭਾਰਤੀ ਸਫ਼ੀਰਾਂ ਨੂੰ ਤਲਬ ਵੀ ਕੀਤਾ ਗਿਆ। ਕਈ ਦੇਸ਼ਾਂ ਵਿਚ ਭਾਰਤੀ ਵਸਤਾਂ ਦੇ ਬਾਈਕਾਟ ਕਰਨ ਦੇ ਐਲਾਨ ਹੋਏ। ਲੱਖਾਂ ਭਾਰਤੀ ਖਾੜੀ ਦੇ ਦੇਸ਼ਾਂ ਵਿਚ ਨੌਕਰੀਆਂ ਕਰਦੇ ਹਨ; ਉਨ੍ਹਾਂ ਦੇ ਮਨਾਂ ਵਿਚ ਆਪਣੇ ਭਵਿੱਖ ਨੂੰ ਲੈ ਕੇ ਖ਼ਦਸ਼ੇ ਪੈਦਾ ਹੋਏ। ਭਾਰਤ ਕੱਚੇ ਤੇਲ ਦੀ ਦਰਾਮਦ ਲਈ ਇਨ੍ਹਾਂ ਦੇਸ਼ਾਂ ’ਤੇ ਨਿਰਭਰ ਕਰਦਾ ਹੈ। ਵਪਾਰਕ ਸਬੰਧਾਂ ਬਾਰੇ ਵੀ ਸਵਾਲ ਉੱਠਣ ਲੱਗੇ। ਭਾਜਪਾ ਆਗੂਆਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਕੋਈ ਕਾਰਵਾਈ ਤਾਂ ਕਰਨੀ ਪੈਣੀ ਹੈ। ਪਾਰਟੀ ਨੇ ਨੂਪੁਰ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਅਤੇ ਨਵੀਨ ਕੁਮਾਰ ਜਿੰਦਲ ਨੂੰ ਪਾਰਟੀ ’ਚੋਂ ਕੱਢ ਦਿੱਤਾ। ਇਹ ਕਾਰਵਾਈ ਭਾਵੇਂ ਮਜਬੂਰੀ ਵਿਚ ਕੀਤੀ ਗਈ ਹੈ ਪਰ ਪ੍ਰਮੁੱਖ ਸਵਾਲ ਇਹ ਹੈ ਕਿ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਨੂੰ ਇਸ ਮੁਕਾਮ ’ਤੇ ਪਹੁੰਚਾਇਆ ਕਿਸ ਨੇ। ਸੰਸਥਾਤਮਕ ਰੂਪ ਵਿਚ ਧਾਰਮਿਕ ਆਧਾਰ ’ਤੇ ਨਫ਼ਰਤੀ ਪ੍ਰਚਾਰ ਦਾ ਇਤਿਹਾਸ ਅਜਿਹੀਆਂ ਸੰਸਥਾਵਾਂ ਦੇ ਜਨਮ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੇ ਆਪੋ-ਆਪਣੇ ਧਰਮ ਨੂੰ ਸਰਬਉੱਚ ਦੱਸਦਿਆਂ ਆਪਣੇ ਧਰਮ ਦੇ ਲੋਕਾਂ ਦੇ ਮਨਾਂ ਵਿਚ ਦੂਸਰੇ ਧਰਮਾਂ ਦੇ ਲੋਕਾਂ ਨਾਲ ਨਫ਼ਰਤ ਕਰਨ ਦੇ ਬੀਜ ਬੀਜੇ। ਅਜਿਹੀਆਂ ਸੰਸਥਾਵਾਂ ਬਸਤੀਵਾਦੀ ਸਮੇਂ ਵਿਚ ਪੈਦਾ ਹੋਈਆਂ ਅਤੇ ਫ਼ਿਰਕਾਪ੍ਰਸਤੀ ਦੇਸ਼ ਦੀ ਸਿਆਸਤ ਦਾ ਅਨਿੱਖੜਵਾਂ ਅੰਗ ਬਣ ਗਈ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਭਾਰਤੀ ਸਿਆਸਤ ਦੀ ਮਹਾਂ-ਮੰਡੀ

**ਗੁਰਬਚਨ ਜਗਤ**




ਕੁਝ ਸੂਬਿਆਂ ਵਿਚ ਰਾਜ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਦਾ ਵਰਤਾਰਾ ਦੇਖ ਕੇ ਵਾਕਈ ਬਹੁਤ ਤਕਲੀਫ਼ ਤੇ ਮਾਯੂਸੀ ਹੋਈ ਹੈ। ਉਂਝ, ਇਹ ਕੋਈ ਅਸਲੋਂ ਨਵਾਂ ਵਰਤਾਰਾ ਨਹੀਂ ਸੀ ਪਰ ਤੱਥ ਇਹ ਹੈ ਕਿ ਹੁਣ ਦੇਸ਼ ਅੰਦਰ ਨੈਤਿਕ ਨਿਘਾਰ ਦਾ ਕੋਈ ਹੱਦ ਬੰਨਾ ਨਹੀਂ ਰਹਿ ਗਿਆ। ਸ਼ਾਇਦ ਇਸ ਦਾ ਕੋਈ ਪੱਤਣ ਹੀ ਨਹੀਂ ਹੈ ਤੇ ਅਸੀਂ ਨਿਘਰਦੇ ਹੀ ਜਾ ਰਹੇ ਹਾਂ। ਇਨ੍ਹਾਂ ਚੋਣਾਂ ਦਾ ਸਿੱਧ-ਪੱਧਰਾ ਗਣਿਤ ਹੁੰਦਾ ਹੈ ਕਿ ਜੇ ਤੁਹਾਡੇ ਕੋਲ ਲੋੜੀਂਦੀ ਗਿਣਤੀ ’ਚ ਵਿਧਾਇਕ ਹਨ ਤਾਂ ਤੁਹਾਡੀ ਸੀਟ ਪੱਕੀ ਹੈ ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਤੁਸੀਂ ਆਪਣੀਆਂ ਵੋਟਾਂ ਦੇ ਅਨੁਪਾਤ ਨਾਲੋਂ ਜ਼ਿਆਦਾ ਸੀਟਾਂ ਦੀ ਤਵੱਕੋ ਕਰਨ ਲੱਗਦੇ ਹੋ। ਫਿਰ ਨਵੇਂ ਸਮੀਕਰਨ ਬਣਨ ਲੱਗਦੇ ਹਨ ਤੇ ਧਨ, ਬਾਹੂਬਲ ਤੇ ਸੰਸਥਾਈ ਭ੍ਰਿਸ਼ਟਾਚਾਰ ਵੀ ਨਾਲ ਜੁੜ ਜਾਂਦਾ ਹੈ ਤੇ ਇਨ੍ਹਾਂ ਸਭ ਚੀਜ਼ਾਂ ਦਾ ਸ਼ਰ੍ਹੇਆਮ ਪ੍ਰਦਰਸ਼ਨ ਹੋਣ ਲੱਗਦਾ ਹੈ। ਫਿਰ ਮੁੱਖ ਮੰਤਰੀ ਤੇ ਪਾਰਟੀ ਪ੍ਰਧਾਨ ਸਿਰਾਂ ਦਾ ਸ਼ਿਕਾਰ ਕਰਨ ਚੜ੍ਹ ਜਾਂਦੇ ਹਨ ਅਤੇ ਆਪਣੀਆਂ ‘ਟ੍ਰਾਫੀਆਂ’ ਦੀ ਗੱਜ ਵੱਜ ਕੇ ਨੁਮਾਇਸ਼ ਕਰਦੇ ਹਨ ਤੇ ਆਪਣੇ ‘ਸਾਮ ਦਾਮ’ ਦੇ ਨੀਤੀ ਕੌਸ਼ਲ ਦਾ ਢੰਡੋਰਾ ਪਿੱਟਦੇ ਹਨ। ਜਿਨ੍ਹਾਂ ਪਾਰਟੀਆਂ ਕੋਲ ਲੋੜੀਂਦੀ ਗਿਣਤੀ ਨਹੀਂ ਹੁੰਦੀ, ਉਨ੍ਹਾਂ ਵੱਲੋਂ ਧਨਾਢ ਬੰਦਿਆਂ ਨੂੰ ਉਮੀਦਵਾਰ ਬਣਾ ਕੇ ਉਤਾਰ ਦਿੱਤਾ ਜਾਂਦਾ ਹੈ। ਇਹ ਉਨ੍ਹਾਂ ਲਈ ਬਾਜ਼ਾਰ ਵਿਚ ਉਤਰਨ ਤੇ ਲੋੜੀਂਦੀ ਸੰਖਿਆ ਹਾਸਲ ਕਰਨ ਦਾ ਸੱਦਾ ਹੁੰਦਾ ਹੈ। ਫਿਰ ਇਹ ਧਨਾਢ ਹਿੱਕ ਥਾਪੜ ਕੇ ਦਾਅਵੇ ਕਰਦੇ ਹਨ ਕਿ ਉਨ੍ਹਾਂ ਨੂੰ ਲੋੜੀਂਦੇ ਵਿਧਾਇਕਾਂ ਦੀ ਹਮਾਇਤ ਹਾਸਲ ਹੋ ਗਈ ਹੈ। ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਪਾਰਟੀਆਂ ਕੋਲ ਲੋੜੀਂਦੀ ਸੰਖਿਆ ਹੁੰਦੀ ਹੈ, ਉਨ੍ਹਾਂ ਦੇ ਸਪਾਂਸਰ ਕੀਤੇ ਕੁਝ ਉਮੀਦਵਾਰ ਬਿਨਾਂ ਮੁਕਾਬਲਾ ਚੁਣ ਲਏ ਜਾਂਦੇ ਹਨ ਤੇ ਇਨ੍ਹਾਂ ’ਚੋਂ ਕੁਝ ਉਮੀਦਵਾਰ ਬਾਹਰਲੇ ਸੂਬਿਆਂ ਤੋਂ ਆ ਜਾਂਦੇ ਹਨ। ਇਸ ਮਾਮਲੇ ਵਿਚ ਕਿਹੋ ਜਿਹੀ ਸੌਦੇਬਾਜ਼ੀ ਹੁੰਦੀ ਹੈ -ਇਸ ਬਾਰੇ ਮੇਰਾ ਉਹੀ ਅਨੁਮਾਨ ਹੈ ਜੋ ਤੁਹਾਡਾ ਹੈ।

ਕੀ ਦਲਬਦਲੀ ਕਰਨ ਵਾਲੇ ਇਨ੍ਹਾਂ ਮਹਾਪੁਰਸ਼ਾਂ ਦੀ ਕੋਈ ਵਿਚਾਰਧਾਰਾ ਹੁੰਦੀ ਹੈ ? ਜੇ ਹੁੰਦੀ ਹੈ ਤਾਂ ਕੀ ਉਹ ਅਜਿਹਾ ਇਸ ਲਈ ਕਰਦੇ ਹਨ ਕਿ ਨਵੀਂ ਪਾਰਟੀ ਦੀ ਵਿਚਾਰਧਾਰਾ ਉਨ੍ਹਾਂ ਨੂੰ ਜ਼ਿਆਦਾ ਧੂਹ ਪਾਉਂਦੀ ਹੈ ? ਇਹ ਹੋਰ ਕੁਝ ਨਹੀਂ ਸਗੋਂ ਸੱਤਾ ਦੀ ਲਾਲਸਾ ਤੇ ਕਮਾਈ ਦੀ ਹਿਰਸ ਕਰਕੇ ਹੁੰਦਾ ਹੈ। ਇਹੀ ਗੱਲ ਉਸ ਪਾਰਟੀ ਲਈ ਸੱਚ ਹੁੰਦੀ ਹੈ ਜੋ ਉਨ੍ਹਾਂ ਨੂੰ ਖਿੱਚ ਲੈਂਦੀ ਹੈ ਤੇ ਜਿੱਤ ਹਾਸਲ ਕਰਦੀ ਤੇ ਫਿਰ ਉਨ੍ਹਾਂ ਨੂੰ ਅਪਣਾ ਲੈਂਦੀ ਹੈ। ਜਿੱਥੇ ਇਹ ਕੰਮ ਪੂਰ ਨਹੀਂ ਚੜ੍ਹਦਾ ਤਾਂ ਤਕਨੀਕੀ ਨੁਕਤੇ ਉਠਾ ਦਿੱਤੇ ਜਾਂਦੇ ਹਨ ਤੇ ਰਸੂਖਦਾਰ ਵਿਅਕਤੀਆਂ ਨੂੰ ਸੰਸਥਾਈ ਇਮਦਾਦ ਪਹੁੰਚਦੀ ਕਰ ਦਿੱਤੀ ਜਾਂਦੀ ਹੈ। ਇਸ ਲਈ ਸਾਨੂੰ ਕੀ ਹਾਸਲ ਹੋਇਆ ? ਕੀ ਅਸੀਂ ਅਜਿਹਾ ਉੱਚਾ ਸੁੱਚਾ ਸਦਨ ਬਣਾ ਲੈਂਦੇ ਹਾਂ ਜਿੱਥੇ ਜ਼ਹੀਨ ਤੇ ਇਖ਼ਲਾਕੀ ਮਾਦੇ ਵਾਲੇ ਲੋਕ ਹੇਠਲੇ ਸਦਨ ਵੱਲੋਂ ਭੇਜੇ ਗਏ ਮੁੱਦਿਆਂ ’ਤੇ ਬਹਿਸ ਮੁਬਾਹਿਸਾ ਕਰ ਸਕਣ ਤੇ ਫਿਰ ਆਪਣਾ ਤਜਰਬਾ ਵਰਤ ਕੇ ਸਹੀ ਸਲਾਹ ਦੇ ਸਕਣ। ਨਹੀਂ, ਅਜਿਹਾ ਬਿਲਕੁਲ ਵੀ ਨਹੀਂ ਹੈ। ਇਹ ਤਾਂ ਬਾਜ਼ਾਰ ’ਚੋਂ ਚੁੱਕੇ ਹੋਏ ਤੀਲ੍ਹਿਆਂ ਦੇ ਬਣੇ ਬੰਦੇ ਹੁੰਦੇ ਹਨ ਜੋ ਇਸ਼ਾਰਾ ਮਿਲਣ ’ਤੇ ਆਪਣਾ ਹੱਥ ਉਠਾ ਕੇ ਬਸ ‘ਆਇ ਆਇ’ ਜਾਂ ‘ਹਾਏ ਹਾਏ’ ਕਹਿੰਦੇ ਰਹਿੰਦੇ ਹਨ। ਇਹ ਕੋਈ ਨਵਾਂ ਵਰਤਾਰਾ ਨਹੀਂ ਹੈ ਸਗੋਂ ਇਹ ਪੈੜਾਂ ਤਾਂ ਸ੍ਰੀਮਤੀ ਗਾਂਧੀ ਤੱਕ ਜਾਂਦੀਆਂ ਹਨ ਜਿਨ੍ਹਾਂ ਨੇ ਆਪਣੇ ਵਿਰੋਧੀ ਘਾਗ ਆਗੂਆਂ ਦੀ ‘ਸਿੰਡੀਕੇਟ’ ਨੂੰ ਟਿਕਾਣੇ ਲਾਉਣ ਲਈ ਪਾਰਟੀ ਦੋਫਾੜ ਕਰ ਕੇ ਕਾਂਗਰਸ (ਆਈ) ਬਣਾ ਲਈ ਸੀ ਤੇ ਦੂਜੇ ਧੜੇ ਨੂੰ ਕਾਂਗਰਸ (ਐੱਸ) ਦਾ ਨਾਂ ਮਿਲਿਆ ਸੀ। ਉਨ੍ਹਾਂ ਰਾਸ਼ਟਰਪਤੀ ਦੇ ਅਹੁਦੇ ਲਈ ਵੀ.ਵੀ. ਗਿਰੀ ਨੂੰ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਕੀਤਾ ਸੀ ਜਿਸ ਨੇ ਕਾਂਗਰਸ ਦੇ ਅਧਿਕਾਰਤ ਉਮੀਦਵਾਰ ਨੂੰ ਹਰਾ ਦਿੱਤਾ ਸੀ। ਉਸ ਤੋਂ ਬਾਅਦ ਚੌਧਰੀ ਚਰਨ ਸਿੰਘ ਜਨਤਾ ਸਰਕਾਰ ਅਤੇ ਮੁਰਾਰਜੀ ਦੇਸਾਈ ਨੂੰ ਹਟਾ ਕੇ ਕਾਂਗਰਸ (ਆਈ) ਦੀ ਬਾਹਰੋਂ ਮਦਦ ਨਾਲ ਖ਼ੁਦ ਪ੍ਰਧਾਨ ਮੰਤਰੀ ਬਣ ਗਏ। ਥੋੜ੍ਹੀ ਦੇਰ ਬਾਅਦ ਹਮਾਇਤ ਵਾਪਸ ਲੈ ਲਈ ਗਈ ਤੇ 1980 ਵਿਚ ਸ੍ਰੀਮਤੀ ਗਾਂਧੀ ਮੁੜ ਪ੍ਰਧਾਨ ਮੰਤਰੀ ਬਣ ਗਏ।

ਇਹ ਮੁੱਢਲੇ ਕਾਢੂ ਸਨ ਜਿਨ੍ਹਾਂ ਤੋਂ ਬਾਅਦ ਹੋਰ ਵੱਡੇ ਮੌਕਾਪ੍ਰਸਤ ਆਉਣ ਲੱਗ ਪਏ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ ਜਦੋਂ ਸ੍ਰੀਮਤੀ ਗਾਂਧੀ ਪ੍ਰਧਾਨ ਮੰਤਰੀ ਸਨ ਤਾਂ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਆਪਣੇ ਵਜ਼ਾਰਤ ਤੇ ਹੋਰ ਵਿਧਾਇਕਾਂ ਨੂੰ ਲੈ ਕੇ ਜਨਤਾ ਪਾਰਟੀ ਤੋਂ ਕਾਂਗਰਸ ਵਿਚ ਚਲੇ ਗਏ ਸਨ। ਉਹ ਸੱਤਾ ਦੀ ਸਿਆਸਤ ਦੇ ਮਹਾਰਥੀਆਂ ’ਚੋਂ ਗਿਣੇ ਜਾਂਦੇ ਸਨ। ਸ੍ਰੀ ਲਾਲ ਨੇ ਆਪਣੇ ਇਕ ਬਿਆਨ ਵਿਚ ਆਖਿਆ ਸੀ ਕਿ “ਸਿਆਸਤ ਵਿਚ ਜਾਂ ਤਾਂ ਸੰਨਿਆਸ ਲੈਣਾ ਚਾਹੀਦਾ ਜਾਂ ਫਿਰ ਸਹੀ ਸਮੇਂ ’ਤੇ ਸਹੀ ਫ਼ੈਸਲਾ ਲੈਣਾ ਚਾਹੀਦਾ ਹੈ।” ਫਿਰ ਸ੍ਰੀ ਵੀਪੀ ਸਿੰਘ ਦਾ ਮਾਜਰਾ ਆਉਂਦਾ ਹੈ ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ‘ਰਾਜਾ ਨਹੀਂ ਫ਼ਕੀਰ ਹੈ, ਭਾਰਤ ਕੀ ਤਕਦੀਰ ਹੈ’। ਉਹ ਕਾਂਗਰਸ ਛੱਡ ਕੇ ਜਨਤਾ ਦਲ ਦੇ ਸਹਾਰੇ ਪ੍ਰਧਾਨ ਮੰਤਰੀ ਬਣ ਗਏ। ਭਾਰਤੀ ਜਨਤਾ ਪਾਰਟੀ ਵੱਲੋਂ ਹਮਾਇਤ ਵਾਪਸ ਲੈਣ ਨਾਲ ਵੀਪੀ ਸਿੰਘ ਦੀ ਸਰਕਾਰ ਡਿੱਗ ਗਈ ਤੇ ਜਨਤਾ ਦਲ ਤੋਂ ਵੱਖ ਹੋਏ ਧੜੇ ਦੇ ਆਗੂ ਸ੍ਰੀ ਚੰਦਰਸ਼ੇਖਰ ਕਾਂਗਰਸ ਦੀ ਬਾਹਰੋਂ ਹਮਾਇਤ ਮਿਲਣ ਨਾਲ ਪ੍ਰਧਾਨ ਮੰਤਰੀ ਬਣ ਗਏ। ਕਾਂਗਰਸ ਨੇ ਫਿਰ ਹਮਾਇਤ ਵਾਪਸ ਲੈ ਲਈ ਤੇ ਸਰਕਾਰ ਡਿੱਗ ਗਈ ਜਿਸ ਤੋਂ ਬਾਅਦ ਨਵੀਆਂ ਚੋਣਾਂ ਹੋਈਆਂ, ਰਾਜੀਵ ਗਾਂਧੀ ਦੀ ਹੱਤਿਆ ਹੋਈ ਤੇ ਸ੍ਰੀ ਨਰਸਿਮ੍ਹਾ ਰਾਓ ਦੀ ਅਗਵਾਈ ਹੇਠ ਕਾਂਗਰਸ ਦੀ ਘੱਟਗਿਣਤੀ ਦੀ ਸਰਕਾਰ ਬਣੀ ਜਿਸ ਨੇ ਪੰਜ ਸਾਲ ਪੂਰੇ ਕੀਤੇ। ਇਸ ਤੋਂ ਬਾਅਦ ਥੋੜ੍ਹੇ ਜਿਹੇ ਅਰਸੇ ਵਿਚ ਹੀ ਐਚ.ਡੀ. ਦੇਵਗੌੜਾ ਅਤੇ ਇੰਦਰ ਕੁਮਾਰ ਗੁਜਰਾਲ ਦੀ ਅਗਵਾਈ ਹੇਠ ਦੋ ਖਿਚੜੀ ਸਰਕਾਰਾਂ ਵੀ ਬਣੀਆਂ।

ਇਸ ਤੋਂ ਬਾਅਦ ਕੇਂਦਰ ਦੀ ਸੱਤਾ ਦਾ ਇਕ ਮਸ਼ਹੂਰ ਮਾਮਲਾ ਸਾਹਮਣੇ ਆਉਂਦਾ ਹੈ ਜਦੋਂ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਬਣੀ ਸਰਕਾਰ ਨੂੰ ਕੁਝ ਦਿਨਾਂ ਬਾਅਦ ਹੀ ਅਸਤੀਫ਼ਾ ਦੇਣਾ ਪਿਆ ਕਿਉਂਕਿ ਨੈਸ਼ਨਲ ਕਾਨਫਰੰਸ ਦੇ ਇਕੋ ਇਕ ਸੰਸਦ ਮੈਂਬਰ ਸੈਫ਼ੂਦੀਨ ਸੋਜ਼ ਨੇ ਵਿਸ਼ਵਾਸ ਮਤ ਦੇ ਖਿਲਾਫ਼ ਵੋਟ ਪਾ ਦਿੱਤੀ ਸੀ। ਇਸ ਇਕ ਵੋਟ ਕਰਕੇ ਨਵੀਆਂ ਚੋਣਾਂ ਹੋਈਆਂ। ਆਖਰਕਾਰ 1999 ਵਿਚ ਸ੍ਰੀ ਵਾਜਪਾਈ ਦੀ ਅਗਵਾਈ ਹੇਠ ਸਥਿਰ ਸਰਕਾਰ ਹੋਂਦ ਵਿਚ ਆਈ। ਇਸ ਤੋਂ ਬਾਅਦ ਯੂਪੀਏ ਦੀ ਅਗਵਾਈ ਹੇਠ ਦੋ ਵਾਰ ਸਥਿਰ ਸਰਕਾਰਾਂ ਹੋਂਦ ਵਿਚ ਆਈਆਂ। ਐਨਡੀਏ ਤੇ ਯੂਪੀਏ ਦੀਆਂ ਇਨ੍ਹਾਂ ਸਥਿਰ ਸਰਕਾਰਾਂ ਵਿਚ ਬਹੁਭਾਂਤੇ ਜੁਜ਼ ਸ਼ਾਮਲ ਸਨ ਜਿਨ੍ਹਾਂ ਦੀਆਂ ਵੱਖੋ ਵੱਖਰੀਆਂ ਵਿਚਾਰਧਾਰਕ ਜੜ੍ਹਾਂ ਸਨ। ਛੋਟੀਆਂ ਖੇਤਰੀ ਪਾਰਟੀਆਂ ਨੇ ਭਾਜਪਾ ਤੇ ਕਾਂਗਰਸ ਨੂੰ ਬੰਧਕ ਬਣਾ ਕੇ ਰੱਖਿਆ ਤੇ ਵੱਡੇ ਪੱਧਰ ’ਤੇ ਭ੍ਰਿਸ਼ਟਾਚਾਰ ਬੇਰੋਕ ਚਲਦਾ ਰਿਹਾ। ਅੱਜ ਸਥਿਤੀ ਇਹ ਹੈ ਕਿ ਅਸੀਂ ਨਹੀਂ ਜਾਣਦੇ ਕਿ ਕਿਹੜੀ ਗੱਲ ’ਤੇ ਯਕੀਨ ਕੀਤਾ ਜਾਵੇ, ਕੰਨ ਕੁਝ ਸੁਣਦੇ ਹਨ, ਅੱਖਾਂ ਕੁਝ ਹੋਰ ਦੇਖਦੀਆਂ ਹਨ, ਦਿਮਾਗ਼ ਨੂੰ ਕੁਝ ਹੋਰ ਸਮਝ ਪੈਂਦੀ ਹੈ ਤੇ ਦਿਲ ਹੋਰ ਮਹਿਸੂਸ ਕਰਦਾ ਹੈ।

ਵਿਧਾਨ ਸਭਾਈ ਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਇਹੀ ਬੇਹੂਦਾ ਡਰਾਮਾ ਵਡੇਰੇ ਮੰਚ ’ਤੇ ਖੇਡਿਆ ਜਾਂਦਾ ਹੈ। ਸਿਆਸੀ ਪਾਰਟੀਆਂ ਚੋਣਾਂ ਦੇ ਵੇਲੇ ਦੀ ਉਡੀਕ ਕਰਦੀਆਂ ਹਨ ਜਦੋਂ ਸਿਰਾਂ ਦੇ ਸ਼ਿਕਾਰ ਦਾ ਸੀਜ਼ਨ ਸਿਰ ਚੜ੍ਹ ਕੇ ਬੋਲਦਾ ਹੈ। ਇਸ ਵਿਚ ਵਿਚਾਰਧਾਰਾ ਦਾ ਕੋਈ ਦਖ਼ਲ ਨਹੀਂ ਹੁੰਦਾ ਤੇ ਜ਼ਿਆਦਾਤਰ ਪਾਰਟੀਆਂ ਦੀ ਕੋਈ ਵਿਚਾਰਧਾਰਾ ਨਹੀਂ ਹੈ। ਪ੍ਰੈਸ ਕਾਨਫਰੰਸ ਵਿਚ ਚੋਣ ਮਨੋਰਥ ਪੱਤਰ ਜਾਰੀ ਕਰਨ ਸਮੇਂ ਪਾਰਟੀ ਆਗੂ ਤਸਵੀਰਾਂ ਖਿਚਵਾ ਲੈਂਦੇ ਹਨ। ਮੈਂ ਕਿਸੇ ਪਾਰਟੀ ਵਰਕਰ ਜਾਂ ਵੋਟਰ ਨੂੰ ਨਹੀਂ ਜਾਣਦਾ ਜਿਸ ਨੇ ਚੋਣ ਮਨੋਰਥ ਪੱਤਰ ਪੜ੍ਹਿਆ ਹੋਵੇ। ਚੋਣਾਂ ਲਈ ਉਮੀਦਵਾਰ ਖੜ੍ਹੇ ਕਰਨ ਵਕਤ ਬਹੁਤ ਸਾਵਧਾਨੀ ਵਰਤੀ ਜਾਂਦੀ ਹੈ। ਦਲਬਦਲੀ ਦੇ ਅਨੁਮਾਨ ਲਾਏ ਜਾਂਦੇ ਹਨ ਅਤੇ ਅਜਿਹੇ ਅਨਸਰਾਂ ’ਤੇ ਨਿਗਾਹ ਰੱਖੀ ਜਾਂਦੀ ਹੈ ਜਿਨ੍ਹਾਂ ਨੂੰ ਟਿਕਟਾਂ ਦੀ ਵੰਡ ਮੌਕੇ ਉਨ੍ਹਾਂ ਦੀ ਪਾਰਟੀ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ ਹੁੰਦਾ ਤੇ ਉਨ੍ਹਾਂ ਦੇ ਦਲਬਦਲੀ ਕਰਨ ਦੇ ਆਸਾਰ ਹੁੰਦੇ ਹਨ। ਵੱਡੇ ਦਲਬਦਲੂਆਂ ਦੇ ਨਾਲ ਉਨ੍ਹਾਂ ਦੇ ਹਮਾਇਤੀਆਂ ਦਾ ਕਾਫ਼ਲਾ ਵੀ ਆਉਂਦਾ ਹੈ। ਆਮ ਤੌਰ ’ਤੇ ਨਵੀਂ ਪਾਰਟੀ ਵਿਚ ਉਨ੍ਹਾਂ ਦਾ ਦਿਲ ਖੋਲ੍ਹ ਕੇ ਸਵਾਗਤ ਕੀਤਾ ਜਾਂਦਾ ਹੈ ਅਤੇ ਸੀਨੀਅਰ ਆਗੂਆਂ, ਮੁੱਖ ਮੰਤਰੀਆਂ ਤੇ ਪਾਰਟੀ ਪ੍ਰਧਾਨਾਂ ਵੱਲੋਂ ਉਨ੍ਹਾਂ ਨੂੰ ਪਾਰਟੀ ਦੇ ਹੋਣਹਾਰ ਪੁੱਤਰ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਇਸ ਕਿਸਮ ਦੇ ਹੰਕਾਰ, ਬੌਧਿਕ ਤੇ ਇਖ਼ਲਾਕੀ ਭ੍ਰਿਸ਼ਟਾਚਾਰ ਤੇ ਸੱਤਾ ਤੇ ਧਨ ਦੀ ਨੁਮਾਇਸ਼ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਘੱਟ ਹੈ। ਇਹ ਸਭ ਕੁਝ ਸ਼ਰ੍ਹੇਆਮ ਕੀਤਾ ਜਾਂਦਾ ਹੈ। ਅਸਲ ਵਿਚ ਇਹ ਉਨ੍ਹਾਂ ਲੋਕਾਂ ਵੱਲੋਂ ਕੀਤਾ ਜਾਂਦਾ ਹੈ ਜਿਨ੍ਹਾਂ ਤੋਂ ਬੌਧਿਕ ਤੇ ਇਖ਼ਲਾਕੀ ਦ੍ਰਿੜ੍ਹਤਾ ਦੇ ਉੱਚਤਮ ਮਿਆਰਾਂ ਦੀ ਤਵੱਕੋ ਕੀਤੀ ਜਾਂਦੀ ਹੈ।

ਇਸ ਭੱਦੇ ਡਰਾਮੇ ਦਾ ਇਕ ਹੋਰ ਬੇਹੂਦਾ ਅੰਕ ਇਹ ਹੁੰਦਾ ਹੈ ਕਿ ਲੀਡਰਸ਼ਿਪ ਨੂੰ ਆਪਣੇ ਕੇਡਰ ’ਤੇ ਭਰੋਸਾ ਨਹੀਂ ਹੁੰਦਾ ਜਿਸ ਕਰਕੇ ਉਨ੍ਹਾਂ ਨੂੰ ਬੱਸਾਂ ਅਤੇ ਜਹਾਜ਼ਾਂ ਵਿਚ ਲੱਦ ਕੇ ਦੂਰ ਦੁਰਾਡੇ ਦੀਆਂ ਤਫ਼ਰੀਹੀ ਥਾਵਾਂ ’ਤੇ ਰੱਖਿਆ ਜਾਂਦਾ ਹੈ, ਮਤੇ ਕੋਈ ਉਨ੍ਹਾਂ ਨੂੰ ਭਰਮਾ ਨਾ ਲਵੇ। ਉਹ ਅਜਿਹੀਆਂ ਭੇਡਾਂ ਦੀ ਤਰ੍ਹਾਂ ਹੁੰਦੇ ਹਨ ਜਿਨ੍ਹਾਂ ਨੂੰ ਡੰਡੇ ਨਾਲ ਹਿੱਕਣਾ ਤੇ ਭੇੜੀਆਂ ਦੇ ਹਮਲੇ ਤੋਂ ਬਚਾ ਕੇ ਰੱਖਣਾ ਪੈਂਦਾ ਹੈ। ਇਨ੍ਹਾਂ ਭੇਡਾਂ ਨੂੰ ਵੋਟਾਂ ਪਵਾਉਣ ਲਈ ਨਿਗਰਾਨਾਂ ਤੇ ਪਾਰਟੀ ਦੇ ਬੰਦਿਆਂ ਦੀ ਨਿਗਰਾਨੀ ਹੇਠ ਵਾਪਸ ਲਿਆਂਦਾ ਜਾਂਦਾ ਹੈ ਪਰ ਕੁਝ ਭੇਡਾਂ ਫਿਰ ਵੀ ਪਾਲਾ ਬਦਲ ਲੈਂਦੀਆਂ ਹਨ।

ਹੁਣ ਅਸੀਂ ਇੱਥੋਂ ਕਿਧਰ ਜਾ ਰਹੇ ਹਾਂ ? ਕੀ ਤੁਸੀਂ ਬਰਤਾਨੀਆ, ਅਮਰੀਕਾ, ਯੂਰੋਪ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿਚ ਇਸ ਕਿਸਮ ਦਾ ਵਿਚਾਰਧਾਰਕ ਦੀਵਾਲੀਆਪਣ ਤੇ ਦਲਬਦਲੀਆਂ ਹੁੰਦੀਆਂ ਵੇਖੀਆਂ ਸੁਣੀਆਂ ਹਨ ? ਮੈਂ ਤਾਂ ਨਹੀਂ ਸੁਣੀਆਂ ਪਰ ਮੈਂ ਚਾਹਾਂਗਾ ਕਿ ਕੋਈ ਮੈਨੂੰ ਗ਼ਲਤ ਸਿੱਧ ਕਰੇ। ਉੱਥੋਂ ਦੀਆਂ ਪਾਰਟੀਆਂ ਦੀਆਂ ਵਿਚਾਰਧਾਰਾਵਾਂ ਜੱਗ ਜ਼ਾਹਰ ਹਨ ਅਤੇ ਉਨ੍ਹਾਂ ਦੀਆਂ ਵਫ਼ਾਦਾਰੀਆਂ ਦੀਆਂ ਜੜ੍ਹਾਂ ਕਈ ਕਈ ਪੀੜ੍ਹੀਆਂ ਤੱਕ ਡੂੰਘੀਆਂ ਹਨ, ਹੋਰ ਤਾਂ ਹੋਰ ਫੁੱਟਬਾਲ, ਬੇਸਬਾਲ, ਬਾਸਕਟਬਾਲ ਤੇ ਰਗਬੀ ਦੇ ਕਲੱਬਾਂ ਦੀਆਂ ਪੁਰਾਣੀਆਂ ਵਫ਼ਾਦਾਰੀਆਂ ਹਨ। ਇਸ ਕਰਕੇ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਾਹਦੇ ਲਈ ਅਤੇ ਕਿਸ ਨੂੰ ਵੋਟ ਪਾਉਂਦੇ ਹੋ। ਮੇਰੀ ਜਾਣਕਾਰੀ ਮੁਤਾਬਿਕ ਇਨ੍ਹਾਂ ਦੇਸ਼ਾਂ ਅੰਦਰ ਕੋਈ ਕੋਈ ਦਲਬਦਲੀ ਵਿਰੋਧੀ ਕਾਨੂੰਨ ਨਹੀਂ ਹੈ ਸਗੋਂ ਰਵਾਇਤਾਂ ਤੇ ਨੈਤਿਕ ਪ੍ਰਤੀਬੱਧਤਾਵਾਂ ਚਲਦੀਆਂ ਹਨ। ਸਾਡੇ ਦੇਸ਼ ਅੰਦਰ ਕਾਨੂੰਨ ਵੀ ਹਨ ਤੇ ਅਸੀਂ ਇਨ੍ਹਾਂ ਨਾਲ ਖਿਲਵਾੜ ਕਰਨਾ ਵੀ ਜਾਣਦੇ ਹਾਂ। ਅਸੀਂ ਇਕ ਸਰਲ ਜਿਹਾ ਕਾਨੂੰਨ ਕਿਉਂ ਨਹੀਂ ਬਣਾਉਂਦੇ ਕਿ ਜਿਹੜਾ ਮੈਂਬਰ ਪਾਰਟੀ ਬਦਲੇਗਾ, ਉਸ ਨੂੰ ਅਸਤੀਫ਼ਾ ਦੇਣਾ ਪਵੇਗਾ ਤੇ ਫਿਰ ਉਸ ਨੂੰ ਨਵੀਂ ਪਾਰਟੀ ਦੀ ਟਿਕਟ ’ਤੇ ਚੋਣ ਲੜਨੀ ਪਵੇਗੀ। ਜਦੋਂ ਤੁਸੀਂ ਆਪਣੀ ਬੁੱਧੀ ਤੇ ਜ਼ਮੀਰ ਦੇ ਆਧਾਰ ’ਤੇ ਕਿਸੇ ਪਾਰਟੀ ਨਾਲ ਜੁੜਦੇ ਹੋ ਤਾਂ ਫਿਰ ਨਵੀਂ ਜ਼ਮੀਰ ਕਿੱਥੋਂ ਜਾਗ ਪੈਂਦੀ ਹੈ ? ਵੋਟਰਾਂ ’ਤੇ ਵੀ ਇਹੋ ਨੇਮ ਲਾਗੂ ਹੋਣਾ ਚਾਹੀਦਾ ਹੈ। ਉਹ ਵੀ ਇਹ ਜਾਣਦੇ ਹਨ ਕਿ ਸਾਰੇ ਚੋਣ ਵਾਅਦੇ ਗੁਬਾਰੇ ਦੀ ਹਵਾ ਵਾਂਗ ਹੁੰਦੇ ਹਨ ਤੇ ਵਿਚਾਰਧਾਰਾ ਦਾ ਕੋਈ ਮੁੱਲ ਨਹੀਂ ਪੈਂਦਾ। ਵੋਟਾਂ ਪੈਣ ਤੱਕ ਜਿੰਨਾ ਕੁ ਹੋ ਸਕਦਾ ਹੈ, ਮਾਲ ਮੱਤਾ ਇਕੱਠਾ ਕਰ ਲਓ ਤੇ ਫਿਰ ਸ਼ੁਕਰਾਨੇ ਦੇ ਤੌਰ ’ਤੇ ਵੋਟ ਪਾ ਦਿਓ। ਕਵੀ ਹਰਿਵੰਸ਼ ਰਾਏ ਬੱਚਨ ਨੇ ਇਕ ਵਾਰ ਲਿਖਿਆ ਸੀ “ਯਹਾਂ ਸਬ ਕੁਛ ਬਿਕਤਾ ਹੈ, ਦੋਸਤੋ ਰਹਨਾ ਜ਼ਰਾ ਸੰਭਲ ਕੇ... ਬੇਚਨੇ ਵਾਲੇ ਹਵਾ ਭੀ ਬੇਚ ਦੇਤੇ ਹੈਂ, ਗੁਬਾਰੋਂ ਮੇਂ ਡਾਲ ਕੇ...।”

## ਅਗਨੀ ਪੱਥ ਸਕੀਮ ਰੱਦ ਕਰਕੇ ਰੈਗੂਲਰ ਫੌਜੀ ਭਰਤੀ ਸ਼ੁਰੂ ਕਰੇ ਮੋਦੀ ਸਰਕਾਰ : ਲਿਬਰੇਸ਼ਨ

ਬਰਨਾਲਾ,
-ਰੋਜ਼ਾਨਾ ਸਵੇਰਾ-

ਅਪਣੇ ਕਾਰਪੋਰੇਟਰ ਮਿੱਤਰਾਂ ਨੂੰ ਅਰਬਾਂ ਖਰਬਾਂ ਰੁਪਏ ਦੇ ਗੱਫੇ ਦੇਣ ਵਾਲੀ ਮੋਦੀ ਸਰਕਾਰ ਸਰਹੱਦਾਂ ਉਤੇ ਮੌਤ ਦਾ ਸਾਹਮਣਾ ਕਰਨ ਵਾਲੇ ਸੈਨਿਕਾਂ ਨੂੰ ਪੂਰੀ ਤਨਖਾਹ ਤੇ ਪੈਨਸ਼ਨ ਦੇਣ ਤੋਂ ਵੀ ਮੁਨਕਰ ਹੋ ਰਹੀ ਹੈ। ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਮੋਦੀ ਸਰਕਾਰ ਦੁਆਰਾ ਫੌਜੀ ਭਰਤੀ ਲਈ ਲਿਆਂਦੀ ਗਈ ਅਗਨੀ ਪਥ ਸਕੀਮ ਨੂੰ ਰੱਦ ਕਰਕੇ ਰੈਗੂਲਰ ਫੌਜੀ ਭਰਤੀ ਸ਼ੁਰੂ ਕਰਨ ਦੀ ਮੰਗ ਕਰਦਿਆਂ ਇਸ ਚਾਰ ਸਾਲਾਂ ਠੇਕਾ ਭਰਤੀ ਸਕੀਮ ਨੂੰ ਦੇਸ਼ ਦੇ ਨੌਜਵਾਨਾ ਨਾਲ ਇਕ ਭੱਦਾ ਮਜਾਕ ਕਰਾਰ ਦਿੱਤਾ ਹੈ। ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਗੁਰਪ੍ਰੀਤ ਰੂੜੇਕੇ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਸਕੀਮ ਦਾ ਸੱਚ ਇਹ ਹੈ ਕਿ ਅਪਣੇ ਕਾਰਪੋਰੇਟਰ ਮਿੱਤਰਾਂ ਨੂੰ ਅਰਬਾਂ ਖਰਬਾਂ ਰੁਪਏ ਦੇ ਗੱਫੇ ਦੇਣ ਵਾਲੀ ਮੋਦੀ ਸਰਕਾਰ ਸਰਹੱਦਾਂ ਉਤੇ ਮੌਤ ਦਾ ਸਾਹਮਣਾ ਕਰਨ ਵਾਲੇ ਸੈਨਿਕਾਂ ਨੂੰ ਪੂਰੀ ਤਨਖਾਹ ਤੇ ਪੈਨਸ਼ਨ ਦੇਣ ਤੋਂ ਵੀ ਮੁਨਕਰ ਹੋ ਰਹੀ ਹੈ ।

## ਲਵਨਿਆ ਜਿੰਦਲ ਦੀ ਪਲੇਠੀ ਪੁਸਤਕ ਦਾ ਸਿੱਖਿਆ ਮੰਤਰੀ ਨੇ ਕੀਤਾ ਵਿਮੋਚਨ




ਬਰਨਾਲਾ,
-ਰੋਜ਼ਾਨਾ ਸਵੇਰਾ-

ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟਣ ਵਾਲੀ ਹੋਣਹਾਰ ਤੇ ਸਾਹਿਤਕ ਰੁਚੀਆਂ ਦੀ ਧਾਰਨੀ ਨੌਵੀਂ ਕਲਾਸ ਦੀ ਵਿਦਿਆਰਥਣ ਲਵਨਿਆ ਜਿੰਦਲ ਪੁੱਤਰੀ ਡਿੰਪਲ ਜਿੰਦਲ ਐਡਵੋਕੇਟ ਅਤੇ ਮਾਤਾ ਵਿਨਸੀ ਜਿੰਦਲ ਪ੍ਰਿੰਸੀਪਲ ਸ.ਸ.ਸ.ਸ.(ਕੰਨਿਆਂ) ਬਰਨਾਲਾ ਨੇ ਪਹਿਲੀ ਉਡਾਰੀ ਮਾਰਦਿਆਂ ਆਪਣੀ ਪਲੇਠੀ ਪੁਸਤਕ ‘‘ਹੇਸਟਰ ਐਂਡ ਕ੍ਰੇਜਿਫਰ’’ ਜਰਨੀ ਆਫ ਡੈੱਡਫੁੱਲ ਮਿਸਟਰੀਜ਼ ਦੀ ਰਚਨਾ ਕਰਕੇ ਸਾਹਿਤ ਦੀ ਝੋਲੀ ਪਾਈ ਹੈ। ਇਸ ਮੁਕੰਮਲ ਕਲਪਨਾ ਆਧਾਰਿਤ ਪੁਸਤਕ ਨੂੰ ਲੋਕ ਅਰਪਣ ਕਰਨ ਦੀ ਰਸਮ ਮਾਣਯੋਗ ਸਿੱਖਿਆ ਅਤੇ ਖੇਡ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਕਰ ਕਮਲਾਂ ਰਾਹੀਂ ਨਿਭਾਈ ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਲੇਖਿਕਾ ਲਵਨਿਆ ਜਿੰਦਲ ਨੇ ਇਸ ਪੁਸਤਕ ਨੂੰ ਲਿਖ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸੱਚਮੁੱਚ ਹੀ ਬਰਨਾਲਾ ਪੰਜਾਬ ਦੀ ਸਾਹਿਤਕ ਰਾਜਧਾਨੀ ਹੈ। ਉਨ੍ਹਾਂ ਲਵਨਿਆ ਜਿੰਦਲ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਲੇਖਿਕਾ ਦੀ ਹੌਸਲਾ ਅਫਜਾਈ ਕੀਤੀ ਤੇ ਅਸ਼ੀਰਵਾਦ ਦਿੱਤਾ। ਇਸ ਪੁਸਤਕ ਬਾਰੇ ਬੋਲਦਿਆਂ ਮਾ. ਪੰਕਜ ਗੋਇਲ ਨੇ ਕਿਹਾ ਕਿ ਲੇਖਿਕਾ ਨੇ ਇਸ ਪੁਸਤਕ ਰਾਹੀਂ ਆਪਣੇ ਦੁਆਰਾ ਤਿਆਰ ਕੀਤੇ ਕਲਪਿਤ ਪਾਤਰਾਂ ਦੀ ਮੱਦਦ ਨਾਲ ਪਾਠਕਾਂ ਨੂੰ ਰਹੱਸਮਈ ਸੰਸਾਰ ’ਚ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਲਵਨਿਆ ਜਿੰਦਲ ਚਿੱਤਰਕਲਾ ਤੇ ਤੈਰਾਕੀ ਦਾ ਸ਼ੌਕ ਰੱਖਣ ਵਾਲੀ ਲੜਕੀ ਹੈ। ਲੇਖਿਕਾ ਲਵਨਿਆ ਦੇ ਮਾਪਿਆਂ ਨੇ ਬੋਲਦਿਆਂ ਕਿਹਾ ਕਿ ਲਵਨਿਆ ਨੇ ਕੋਵਿਡ-19 ਦੇ ਭਿਆਨਕ ਲਾਕਡਾਊਨ ਦੇ ਸਮੇਂ ਵਿੱਚ ਆਪਣੇ ਵਿਚਾਰਾਂ ਨੂੰ ਛੋਟੇ ਛੋਟੇ ਹੱਥਾਂ ਨਾਲ ਕਾਗਜ਼ ਤੇ ਉਲੀਕਣਾ ਸ਼ੁਰੂ ਕੀਤਾ ਅਤੇ ਆਪਣੀ ਕਲਪਨਾ ਨੂੰ ਪੁਸਤਕ ਦਾ ਰੂਪ ਦੇ ਦਿੱਤਾ। ਇਸ ਮੌਕੇ ਸ਼ਹਿਰ ਦੀਆਂ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨੇ ਲੇਖਿਕਾ ਲਵਨਿਆ ਜਿੰਦਲ ਨੂੰ ਮੁਬਾਰਕਬਾਦ ਦਿੰਦਿਆਂ ਉਸ ਦੀ ਹੌਸਲਾ ਅਫਜਾਈ ਕੀਤੀ। ਇਸ ਪੁਸਤਕ ਦੀ ਘੁੰਡ ਚੁਕਾਈ ਦੀ ਰਸਮ ਸਮੇਂ ਸਿੱਖਿਆ ਮੰਤਰੀ ਮੀਤ ਹੇਅਰ ਦੇ ਨਾਲ ਲੋਕ ਸਭਾ ਜਿਮਨੀ ਚੋਣ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਵੀ ਹਾਜਰ ਸਨ। ਇਸ ਦੌਰਾਨ ਰਾਜੀਵ ਰੂਬੀ, ਅਜਮੇਰ ਸਿੰਘ, ਹਸਨਪ੍ਰੀਤ ਸ਼ਰਮਾ, ਸੰਜੀਵ ਸ਼ਰਮਾ ਸੋਨੀ, ਸੰਦੀਪ ਨੋਨੀ, ਪੰਕਜ ਗੋਇਲ, ਰੋਹਿਤ ਸ਼ਰਮਾ, ਰਾਮ ਤੀਰਥ ਆਦਿ ਵੀ ਹਾਜ਼ਰੀ ਲੁਆਈ।

## ਇੱਕ ਪਾਸੇ ਪੰਥਕ ਸੋਚ ਤੇ ਦੂਜੇ ਪਾਸੇ ਕੇਂਦਰ ਨਾਲ ਲੁਕਵੀਂ ਸਾਂਝ ਰੱਖਣ ਵਾਲੇ:ਜੱਸਾ ਸਿੰਘ ਮਾਣਕੀ

ਬਰਨਾਲਾ,
-ਰੋਜ਼ਾਨਾ ਸਵੇਰਾ-



ਚੱਲ ਰਹੀ ਲੋਕ ਸਭਾ ਜ਼ਿਮਨੀ ਚੋਣ ’ਚ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ, ਚੋਣ ਪ੍ਰਚਾਰ ਕਰ ਰਹੇ ਕਿਸਾਨ ਵਿੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਨਵ-ਨਿਯੁਕਤ ਕੌਮੀ ਜਨਰਲ ਸਕੱਤਰ ਜੱਸਾ ਸਿੰਘ ਮਾਣਕੀ ਨੇ ਵਜੀਦਕੇ ਕਲਾਂ, ਵਜੀਦਕੇ ਖੁਰਦ, ਗੁਰਮ, ਗੁੰਮਟੀ, ਹਮੀਦੀ, ਠੁੱਲੀਵਾਲ, ਮਨਾਲ, ਮਾਂਗੇਵਾਲ ਆਦਿ ਪਿੰਡਾਂ ਵਿੱਚ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਪਾਸੇ ਤਿੰਨ ਦਹਾਕਿਆਂ ਤੋਂ ਕੌਮੀ ਸੇਵਾਵਾਂ ਨਿਭਾ ਰਹੇ ਨਿਧੜਕ ਕੌਮੀ ਜਰਨੈਲ ਸਿਮਰਨਜੀਤ ਸਿੰਘ ਮਾਨ ਹਨ ਤੇ ਦੂਸਰੇ ਪਾਸੇ ਦਿੱਲੀ ਨਾਲ ਲੁਕਵੇਂ ਰੂਪ ’ਚ ਸਾਂਝ ਪਿਆਲੀ ਰੱਖਣ ਵਾਲੇ ਲੋਕ ਹਨ, ਹੁਣ ਦੇਖਣਾ ਤੁਸੀਂ ਹੈ ਕਿ ਕਿਹੜਾ ਆਗੂ ਪੰਜਾਬ ਦੀ ਬੇੜੀ ਬੰਨੇ ਲਾਉਂਣ ਦੇ ਸਮਰੱਥ ਹੈ। ਉਨਾ ਅਕਾਲੀ ਦਲ ਬਾਦਲ ਬਾਰੇ ਬੋਲਦਿਆਂ ਕਿਹਾ ਕਿ ਇਹ ਖਤਮ ਹੋ ਚੁੱਕੇ ਹਨ ਜਿਸ ਕਾਰਨ ਆਪਣੀ ਸਿਆਸੀ ਜਮੀਨ ਪ੍ਰਾਪਤ ਕਰਨ ਲਈ ਬੰਦੀ ਸਿੰਘਾਂ ਦੇ ਪ੍ਰੀਵਾਰਾਂ ਨੂੰ ਵਰਤ ਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਵਾਸਤਾ ਪਾ ਰਹੇ ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਕਿ ਜਦੋਂ ਤੁਹਾਡੀ ਸਰਕਾਰ ਸੀ ਉਸ ਵਕਤ ਤੁਸੀਂ ਬੰਦੀ ਸਿੰਘ ਕਿਉਂ ਨਾ ਛੁਡਵਾਏ। ਉਨ੍ਹਾਂ ਕਿਹਾ ਕਿ ਤੁਸੀਂ ਵੋਟਾਂ ਬਦਲਾਅ ਲਈ ਪਾਈਆਂ ਸਨ, ਪਰ ਇਹ ਕਿਹੋ ਜਿਹਾ ਬਦਲਾਅ ਆਇਆ, ਜਿਸ ਨੇ ਸੱਤੇ ਮੈਬਰ ਰਾਜ ਸਭਾ, ਗੈਰ ਪੰਜਾਬੀ, ਗੈਰ ਸਿੱਖ ਸੋਚ ਵਾਲੇ ਲਗਾ ਦਿੱਤੇ ਹਨ, ਭਾਖੜਾ ਬਿਆਸ ਮੈਨੇਜਮੈਂਟ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰ ਦਿੱਤੀ, ਚੰਡੀਗੜ੍ਹ ’ਚ ਦਿੱਲੀ ਦੇ ਸਰਵਿਸ ਰੂਲਜ ਲਾਗੂ ਕਰ ਦਿੱਤੇ, ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਕਰਦਿਆਂ ਪੰਜਾਬ ਦੇ ਹੱਥੋਂ ਖੋਹਣ ਦੀ ਪ੍ਰਕਿਰਿਆ ਚਾਲੂ ਕਰ ਦਿੱਤੀ, ਪੰਜਾਬ ਦੀਆਂ ਨਹਿਰਾਂ ਵਿੱਚ ਮੋਟਾ ਮੋਮੀ ਕਾਗਜ ਲਵਾ ਕੇ ਥੱਲੇ ਰਿਸਣ ਵਾਲਾ ਪਾਣੀ ਰੋਕ ਦਿੱਤਾ। ਉਨ੍ਹਾਂ ਸਮੁੱਚੇ ਵਰਤਾਰਿਆਂ ਨੂੰ ਠੱਲ ਪਾਉਣ ਲਈ ਇੱਕ ਇੱਕ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਿਸਦੇ ਪ੍ਰਧਾਨ ਸਿਮਰਨਜੀਤ ਸਿੰਘ ਜਿਹਨਾ ਦਾ ਚੋਣ ਨਿਸ਼ਾਨ ਬਾਲਟੀ ਹੈ ਤੇ ਮੋਹਰਾਂ ਲਾਕੇ ਕਾਮਯਾਬ ਕਰੋ। ਇਸ ਮੌਕੇ ਗੁਰਜੰਟ ਸਿੰਘ ਕੱਟੂ ਹਲਕਾ ਇੰਚਾਰਜ ਮਹਿਲ ਕਲਾਂ, ਜੀਤ ਸਿੰਘ ਮਾਂਗੇਵਾਲ ਸਰਕਲ ਪ੍ਰਧਾਨ ਠੁੱਲੀਵਾਲ, ਜਸਵੀਰ ਸਿੰਘ ਬਿੱਲਾ ਸੰਘੇੜਾ ਵਰਕਿੰਗ ਕਮੇਟੀ ਮੈਂਬਰ, ਦੇਵ ਸਿੰਘ ਖਾਲਸਾ ਦਸੌਂਦਾ ਸਿੰਘ ਵਾਲਾ ਪ੍ਰਧਾਨ ਸਤਿਕਾਰ ਕਮੇਟੀ, ਰਾਮ ਸਿੰਘ ਗੁੰਮਟੀ, ਜੁਗਿੰਦਰ ਸਿੰਘ ਗੁੰਮਟੀ, ਗਗਨਦੀ ਸਿੰਘ ਗੁੰਮਟੀ, ਨਛੱਤਰ ਸਿੰਘ ਮਾਂਗੇਵਾਲ, ਦਰਸਨ ਸਿੰਘ ਮਾਂਗੇਵਾਲ, ਸਾਬਕਾ ਸਰਪੰਚ ਮੁਹੰਮਦ ਅਸਲਮ ਮਾਂਗੇਵਾਲ, ਇੰਦਰਜੀਤ ਸਿੰਘ ਮਾਂਗੇਵਾਲ, ਡੀ.ਸੀ. ਮਾਂਗੇਵਾਲ, ਪ੍ਰੀਤਮ ਸਿੰਘ ਵਜੀਦਕੇ ਕਲਾਂ, ਜਗਤਾਰ ਸਿੰਘ ਵਜੀਦਕੇ ਕਲਾਂ, ਹਰਬੰਸ ਸਿੰਘ ਵਜੀਦਕੇ ਕਲਾਂ, ਸੁਖਦੇਵ ਸਿੰਘ ਖਾਲਸਾ, ਦਿਲਬਾਗ ਸਿੰਘ ਵਜੀਦਕੇ ਖੁਰਦ, ਰਾਮ ਸਿੰਘ ਵਜੀਦਕੇ ਖੁਰਦ, ਗੁਰਚਰਨ ਸਿੰਘ ਵਜੀਦਕੇ ਖੁਰਦ, ਰਣਜੀਤ ਸਿੰਘ ਹਮੀਦੀ, ਪਰਮਜੀਤ ਸਿੰਘ ਪੰਮਾ ਪੰਚ, ਲੀਲਾ ਸਿੰਘ ਹਮੀਦੀ, ਮਲਕੀਤ ਸਿੰਘ ਹਮੀਦੀ, ਹਰਦੇਵ ਸਿੰਘ ਸੋਢੀ ਠੁੱਲੀਵਾਲ, ਸਾਧੂ ਸਿੰਘ ਠੁੱਲੀਵਾਲ, ਦਰਸਨ ਸਿੰਘ ਠੁੱਲੀਵਾਲ, ਜਗਤਾਰ ਸਿੰਘ ਠੁੱਲੀਵਾਲ, ਰਾਮ ਸਿੰਘ ਗੁਰਮ, ਭੋਲਾ ਸਿੰਘ ਬਾਗ ਵਾਲੇ, ਗੋਰਾ ਸਿੰਘ ਮੈਬਰ, ਕਬੱਡੀ ਖਿਡਾਰੀ ਭਰਥ ਸਿੰਘ, ਗੁਗਨੀ ਡਾਕਟਰ, ਬਾਬਾ ਟੈਣੀ ਜੀ, ਆਦਿ ਆਗੂ ਹਾਜ਼ਰ ਸਨ।

## ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਡਟੀ ਹਰਜਿੰਦਰ ਕੌਰ ਚੱਬੇਵਾਲ

ਭਵਾਨੀਗੜ੍ਹ,
-ਸਰਬਜੀਤ ਤਲਵੰਡੀ-
-ਰੋਜ਼ਾਨਾ ਸਵੇਰਾ-

ਰਾਹੁਲ ਗਾਂਧੀ ਦੀ ਟੀਮ ਦੇ ਮੈਂਬਰ ਮੈਡਮ ਹਰਜਿੰਦਰ ਕੌਰ ਚੱਬੇਵਾਲ ਸੂਬਾ ਵਾਇਸ ਪ੍ਰਧਾਨ ਪੰਜਾਬ ਯੂਥ ਕਾਂਗਰਸ ਪਿੱਛਲੇ ਕਰੀਬ ਇੱਕ ਹਫ਼ਤੇ ਤੋ ਕਾਂਗਰਸੀ ਉਮੀਦਵਾਰ ਦਲਵੀਰ ਸਿੰਘ ਗੋਲਡੀ ਦੇ ਹੱਕ ਵਿੱਚ ਡਟੇ ਹੋਏ ਹਨ ਜਿੰਨਾ ਵੱਲੋ ਲੋਕ ਸਭਾ ਸੰਗਰੂਰ ਅੰਦਰ ਲਗਾਤਾਰ ਮੀਟਿੰਗਾ ਦਾ ਸਿਲਸਿਲਾ ਜਾਰੀ ਹੈ ਜਿੰਨਾ ਅੱਜ ਬਲਾਕ ਭਵਾਨੀਗੜ੍ਹ ਦੇ ਪਿੰਡ ਖੇੜੀ ਚੰਦਵਾ, ਨੰਦਗੜ੍ਹ, ਸਕਰੋਦੀ, ਪੰਨਵਾ, ਕਾਕੜਾ, ਬਲਦ ਕਲਾਂ, ਬਲਦ ਖੁਰਦ , ਬਖਤੜਾ, ਬਖਤੜੀ, ਆਲੋਅਰਖ, ਰੇਤਗੜ, ਰਾਮਪੁਰਾ, ਮਾਝਾ, ਮਾਝੀ, ਤੂਰੀ ਅਤੇ ਰਾਜਪੁਰਾ ਆਦਿ ਪਿੰਡਾ ਵਿੱਚ ਲੋਕਾ ਨੂੰ ਲਾਮਬੰਦ ਕਰ ਦਲਵੀਰ ਗੋਲਡੀ ਦੇ ਹੱਕ ਵਿੱਚ ਧੁਆਂਧਾਰ ਪ੍ਰਚਾਰ ਕੀਤਾ ਹਰਜਿੰਦਰ ਕੌਰ ਚੱਬੇਵਾਲ ਨੇ ਸੰਬੋਧਨ ਕਰਦਿਆ ਕਿਹਾ ਕਿ ਦਲਵੀਰ ਗੋਲਡੀ ਇੱਕ ਬਹੁਤ ਹੀ ਮੇਹਨਤੀ ਅਤੇ ਬੇਦਾਗ ਨੌਜਵਾਨ ਹੈ ਜਿੰਨਾ ਬੜੀ ਛੋਟੀ ਉਮਰ ਵਿੱਚ ਹੀ ਵੱਡੀਆ ਪੁਲੰਘਾ ਪੱਟੀਆ ਹਨ ਉਹਨਾ ਕਿਹਾ ਕਿ ਪੂਰੇ ਹਲਕੇ ਅੰਦਰ ਲੋਕਾ ਦੇ ਮਿਲ ਰਹੇ ਭਰਪੂਰ ਸਮਰਥਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਦਲਵੀਰ ਗੋਲਡੀ ਹੀ ਜਿੱਤ ਦੇ ਝੰਡੇ ਗੱਡਣਗੇ ਹਰਜਿੰਦਰ ਕੌਰ ਚੱਬੇਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾ ਨਾਲ ਵੱਡਾ ਵਿਸ਼ਵਾਸਘਾਤ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਇਹ ਸਹੀ ਮੌਕਾ ਹੇ ਉਹਨਾ ਕਿਹਾ ਕਿ ਕਮੇਡੀ ਕਰ ਦੂਸਰਿਆ ਤੇ ਸਵਾਲ ਚੁੱਕਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਖੁਦ ਹੀ ਉਹਨਾ ਸਵਾਲਾ ਵਿੱਚ ਘਿਰਦੇ ਨਜ਼ਰ ਆ ਰਹੇ ਹਨ ਉਹਨਾ ਕਿਹਾ ਕਿ ਹਜ਼ਾਰਾ ਲੋਕਾ ਦੀ ਭੀੜ ਨਾਲ ਰੋੜ ਸ਼ੋਹ ਕੱਢਣ ਵਾਲੇ ਭਗਵੰਤ ਮਾਨ ਹੁਣ ਸਿਰਫ ਸਰਕਾਰੀ ਫੌਜ ਲਸ਼ਕਰ ਨਾਲ ਹੀ ਗੇੜੀਆ ਮਾਰ ਰਹੇ ਹਨ ਭਗਵੰਤ ਮਾਨ ਦੇ ਰੋੜ ਸ਼ੋਹ ਤੋ ਲੋਕਾ ਖਾਸ ਕਰਕੇ ਨੌਜਵਾਨਾ ਨੇ ਪਾਸਾ ਵੱਟ ਲਿਆ ਹੈ ਸੂਬੇ ਦੇ ਲੋਕ ਹੁਣ ਭਗਵੰਤ ਮਾਨ ਅਤੇ ਕੇਜਰੀਵਾਲ ਦੀ ਸ਼ਕਲ ਦੇਖਣਾ ਵੀ ਪਸੰਦ ਨਹੀ ਕਰਦੇ ਲੋਕ ਮੁੜ ਤੋ ਕਾਂਗਰਸ ਸਰਕਾਰ ਨੂੰ ਯਾਦ ਕਰਨ ਲੱਗ ਪਏ ਹਨ ਮੈਡਮ ਹਰਜਿੰਦਰ ਕੌਰ ਚੱਬੇਵਾਲ ਦਾ ਵੱਖ ਵੱਖ ਪਿੰਡਾ ਚ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਉਹਨਾ ਨਾਲ ਸਾਜਨ ਕਾਂਗੜਾ ਪ੍ਰਧਾਨ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ, ਬੇਬੀ ਕੌਰ, ਸੁਖਵਿੰਦਰ ਕੌਰ ਦੋਵੇ ਜਨਰਲ ਸਕੱਤਰ ਜਿਲਾ ਯੂਥ ਕਾਂਗਰਸ ਸੰਗਰੂਰ, ਜਗਸੀਰ ਸਿੰਘ ਨਦਾਮਪੁਰ, ਹਰਜਿੰਦਰ ਸਿੰਘ ਮਾਝੀ ਬਲਜੀਤ ਸਿੰਘ ਰੇਤਗੜ, ਪਰਮਜੀਤ ਸਿੰਘ ਭਵਾਨੀਗੜ੍ਹ, ਪ੍ਰਦੀਪ ਸਿੰਘ ਬੱਬੀ, ਸੁਖਪਾਲ ਕੌਰ, ਪਰਮਜੀਤ ਕੌਰ, ਅਮਰਜੀਤ ਕੌਰ, ਸੁਰਜੀਤ ਕੌਰ, ਰਾਜਪਾਲ ਸਿੰਘ, ਅਵਤਾਰ ਸਿੰਘ, ਕ੍ਰਿਸ਼ਨ ਸਿੰਘ ਆਦਿ ਹਾਜ਼ਰ ਸਨ ।

## ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ, ਨੰਦਗੜ੍ਹ ਦੇ ਵਿਦਿਆਰਥੀਆਂ ਨੇ ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਬਠਿੰਡਾ,
-ਰੋਜ਼ਾਨਾ ਸਵੇਰਾ-




ਬੀਤੇ ਦਿਨੀਂ ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ, ਨੰਦਗੜ੍ਹ ਅਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਕਾਂਸਟੀਚੂਐਂਟ ਕਾਲਜ ਦੇ ਵਿਦਿਆਰਥੀਆਂ ਨੇ ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਦਿੱਤੀ। ਕਾਲਜ ਦੇ ਸੈਮੀਨਾਰ ਹਾਲ ਵਿਖੇ ਵਿਦਾਇਗੀ ਪਾਰਟੀ ਧੂਮਧਾਮ ਨਾਲ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਜੂਨੀਅਰਾਂ ਵੱਲੋਂ ਵਾਹਿਗੁਰੂ ਦੇ ਨਾਮ ਨਾਲ ਕੀਤੀ ਗਈ। ਇਸ ਤੋਂ ਬਾਅਦ, ਸੰਸਥਾ ਦੇ ਡਾਇਰੈਕਟਰ ਪ੍ਰੋ. (ਡਾ.) ਆਰ.ਕੇ. ਬਾਂਸਲ ਨੇ ਦਿਨ ਦੇ ਮਾਣਯੋਗ ਮਹਿਮਾਨਾਂ ਕਰਨਲ ਜਗਬੀਰ ਸਿੰਘ ਰਾਣਾ, 2 ਪੀਬੀ ਆਰਐਂਡਵੀ ਐਨਸੀਸੀ ਘੁੱਦਾ ਦੇ ਕਮਾਂਡਿੰਗ ਅਫ਼ਸਰ ਅਤੇ ਡਾ: ਮਹੇਸ਼ ਕੁਮਾਰ, ਪ੍ਰਿੰਸੀਪਲ ਦਾ ਸਵਾਗਤ ਕੀਤਾ। ਮੇਜ਼ਬਾਨਾਂ ਨੇ ਆਪਣੇ ਹੁਨਰ ਦੇ ਭੰਡਾਰ ਦੇ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਡਾਂਸ, ਸੰਗੀਤ, ਖੇਡਾਂ ਅਤੇ ਹਾਸੇ ਦੀ ਧੂਮ ਮਚਾ ਦਿੱਤੀ। ਬਾਹਰ ਜਾਣ ਵਾਲੇ ਵਿਦਿਆਰਥੀਆਂ ਨੇ ਸਟੇਜ ’ਤੇ ਮਾਡਲਿੰਗ ਕੀਤੀ ਅਤੇ ਵੱਖ-ਵੱਖ ਰਾਊਂਡਾਂ ਦੇ ਆਧਾਰ ’ਤੇ ਉਨ੍ਹਾਂ ਨੂੰ ਖਿਤਾਬ ਦਿੱਤੇ ਗਏ। ਸ਼ਾਮ ਨੂੰ ਮਿਸ ਕੋਮਲਪ੍ਰੀਤ ਕੌਰ ਅਤੇ ਮਿਸਟਰ ਹਰਮਨਜੀਤ ਸਿੰਘ ਨੂੰ ਮਿਸ ਫੇਅਰਵੈਲ ਅਤੇ ਮਿਸਟਰ ਫੇਅਰਵੈਲ ਦਾ ਤਾਜ ਸਜਾਇਆ ਗਿਆ ਜਦੋਂਕਿ ਮਿਸ ਚਾਰਮਿੰਗ, ਮਿਸ ਸਮਾਈਲਿੰਗ, ਮਿਸਟਰ ਕਾਂਫਿਡੈਂਟ ਅਤੇ ਮਿਸਟਰ ਹੈਂਡਸਮ ਦੇ ਖਿਤਾਬ ਮਿਸ ਪਰਮਜੀਤ ਕੌਰ, ਮਿਸ ਦਲਜੀਤ ਕੌਰ, ਮਿਸਟਰ ਮਨਮੋਹਨ ਸਿੰਘ ਅਤੇ ਮਿਸਟਰ ਨੂੰ ਦਿੱਤੇ ਗਏ। ਰਜਿੰਦਰ ਸਿੰਘ. ਸਮਾਗਮ ਪੂਰੇ ਉਤਸ਼ਾਹ ਨਾਲ ਹੋਇਆ। ਇਸਨੇ ਜੂਨੀਅਰਾਂ ਅਤੇ ਸੀਨੀਅਰਾਂ ਵਿਚਕਾਰ ਨਿੱਘਾ ਮਾਹੌਲ ਬਣਾਉਣ ਵਿੱਚ ਮਦਦ ਕੀਤੀ। ਰਾਣਾ ਨੇ ਆਪਣੇ ਸੰਬੋਧਨ ਵਿੱਚ ਆਪਣੀਆਂ ਕਾਲਜ ਦੀਆਂ ਯਾਦਾਂ ਅਤੇ ਜੀਵਨ ਦੇ ਤਜ਼ਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਉਨ੍ਹਾਂ ਨੇ ਜੀਵਨ ਪ੍ਰਤੀ ਸਕਾਰਾਤਮਕ ਰਵੱਈਏ ’ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਵਿਦਾਇਗੀ ਦੀ ਵਧਾਈ ਦਿੱਤੀ। ਦੂਜੇ ਪਾਸੇ ਡਾ: ਮਹੇਸ਼ ਨੇ ਅਬਰਾਹਿਮ ਲਿੰਕਨ ਅਤੇ ਵਿਸ਼ਵ ਦੀਆਂ ਹੋਰ ਨਾਮਵਰ ਸ਼ਖ਼ਸੀਅਤਾਂ ਦੇ ਜੀਵਨ ’ਤੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਭਾਸ਼ਣ ਦਿੱਤਾ । ਉਨ੍ਹਾਂ ਨੇ ਹਾਜ਼ਰੀਨ ਨਾਲ ਸਵੈ-ਰੁਜ਼ਗਾਰ ਅਤੇ ਮਹਿਲਾ ਸਸ਼ਕਤੀਕਰਨ ਦੇ ਵਿਸ਼ੇ ’ਤੇ ਵੀ ਚਰਚਾ ਕੀਤੀ। ਡਾ. ਬਾਂਸਲ ਨੇ ਬਾਹਰ ਜਾਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਸਾਰੇ ਯਤਨਾਂ ਵਿੱਚ ਸਫਲਤਾ ਅਤੇ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਹ ਦਿਨ ਬਾਹਰ ਜਾਣ ਵਾਲੇ ਬੈਚ ਅਤੇ ਅਧਿਆਪਕਾਂ ਦੋਵਾਂ ਲਈ ਯਾਦਗਾਰੀ ਰਿਹਾ। ਵਿਦਿਆਰਥੀਆਂ ਨੇ ਕਾਲਜ ਦੀ ਸ਼ਾਨਦਾਰ ਇਮਾਰਤ ਦੇ ਆਲੇ-ਦੁਆਲੇ ਫੋਟੋਆਂ ਖਿੱਚੀਆਂ ਜਿੱਥੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਸੁਨਹਿਰੀ ਸਮਾਂ ਬਿਤਾਇਆ ਸੀ, ਇਸ ਦੌਰਾਨ ਬਹੁਤ ਭਾਵਨਾਤਮਕ ਮਾਹੌਲ ਬਣ ਗਿਆ ਸੀ। ਸਮਾਗਮ ਦੀ ਕੋਆਰਡੀਨੇਟਰ ਸਿਮਰਜੀਤ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਡੌਗੀਕੌਆਇਨ ਨਿਵੇਸ਼ਕ ਨੇ ਮਸਕ 'ਤੇ ਠੋਕਿਆ 20 ਲੱਖ ਕਰੋੜ ਦਾ ਮੁਕੱਦਮਾ

ਨਿਊ ਯੌਰਕ: ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਈਲੋਨ ਮਸਕ ਟਵਿਟਰ ਡੀਲ ਨੂੰ ਲੈ ਕੇ ਵਿਵਾਦਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਦੌਰਾਨ ਇੱਕ ਹੋਰ ਮਾਮਲਾ ਉਸ ਲਈ ਪਰੇਸ਼ਾਨੀ ਬਣ ਕੇ ਸਾਹਮਣੇ ਆਇਆ ਹੈ। ਹੁਣ ਕ੍ਰਿਪਟੋਕਰੰਸੀ ਡੌਗੀਕੌਆਇਨ ਦੇ ਇੱਕ ਨਿਵੇਸ਼ਕ ਨੇ ਉਸ ਉੱਤੇ ਮੁਕੱਦਮਾ ਕਰ ਦਿੱਤਾ ਹੈ।

ਅਮਰੀਕੀ ਅਦਾਲਤ 'ਚ ਦਾਇਰ ਕੀਤਾ ਗਿਆ ਇਹ ਮੁਕੱਦਮਾ ਇਤਿਹਾਸ ਦਾ ਸਭ ਤੋਂ ਵੱਡਾ ਮੁਕੱਦਮਾ ਹੋ ਸਕਦਾ ਹੈ ਜਿਸ 'ਚ ਵਿਅਕਤੀ ਨੇ ਕਰੀਬ 20 ਲੱਖ ਕਰੋੜ ਰੁਪਏ ਦਾ ਦਾਅਵਾ ਪੇਸ਼ ਕੀਤਾ ਹੈ। ਸਮਾਚਾਰ ਏਜੰਸੀ ਰੌਇਟਰਜ਼ ਮੁਤਾਬਿਕ ਨਿਵੇਸ਼ਕ ਕੀਥ ਜੌਨਸਨ, ਜਿਸ ਨੇ US 'ਚ ਮੈਨਹੱਟਨ ਫ਼ੈਡਰਲ ਕੋਰਟ 'ਚ ਮੁਕੱਦਮਾ ਦਾਇਰ ਕੀਤਾ ਹੈ, ਉਸ ਨੇ ਈਲੋਨ ਮਸਕ ਉੱਤੇ ਆਪਣੀ ਕ੍ਰਿਪਟੋਕਰੰਸੀ ਦੀ ਮਾਰਕੀਟਿੰਗ ਕਰਨ ਲਈ ਇੱਕ ਪਿਰਾਮਿਡ ਸਕੀਮ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ। ਜੌਨਸਨ ਨੇ ਮਸਕ ਦੇ ਨਾਲ ਇਸ ਮਾਮਲੇ 'ਚ ਆਪਣੀ ਇਲੈਕਟ੍ਰਿਕ ਕਾਰ ਕੰਪਨੀ ਟੈੱਸਲਾ ਅਤੇ ਸਪੇਸ ਟੂਰਿਜ਼ਮ ਕੰਪਨੀ ਸਪੇਸ ਐੱਕਸ ਨੂੰ ਵੀ ਹਿੱਸੇਦਾਰ ਬਣਾਇਆ ਹੈ। ਜੌਹਨਸਨ ਨੇ ਕਿਹਾ ਕਿ ਮਸਕ ਨੇ ਡੌਗੀਕੌਆਇਨ ਦੀ ਕੀਮਤ ਵਧਾਉਣ ਅਤੇ ਇਸ ਨੂੰ ਦੁਬਾਰਾ ਹੇਠਾਂ ਲਿਆਉਣ ਲਈ ਇੱਕ ਪਿਰਾਮਿਡ ਸਕੀਮ ਦਾ ਸਹਾਰਾ



ਲਿਆ ਹੈ। ਮੁਕੱਦਮੇ 'ਚ ਲਗਭਗ 20.38 ਲੱਖ ਕਰੋੜ ਰੁਪਏ ਦਾ ਦਾਅਵਾ ਕੀਤਾ ਹੈ।

ਜੌਹਨਸਨ ਨੇ ਦੋਸ਼ ਲਾਇਆ ਕਿ ਮਸਕ 2019 ਤੋਂ ਜਾਣਦਾ ਸੀ ਕਿ ਡੌਗੀਕੌਆਇਨ ਦੀ ਕੋਈ ਕੀਮਤ ਨਹੀਂ, ਪਰ ਇਸ ਦੇ ਬਾਵਜੂਦ ਉਸ ਨੇ ਮੁਨਾਫ਼ਾ ਕਮਾਉਣ ਲਈ ਇਸ ਨੂੰ ਪ੍ਰਮੋਟ ਕੀਤਾ। ਇੰਨਾ ਹੀ ਨਹੀਂ, ਮਸਕ ਨੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਹੋਣ ਦਾ ਫ਼ਾਇਦਾ ਉਠਾਇਆ ਅਤੇ ਇਸ ਸਾਖ ਦੀ ਆੜ 'ਚ ਡੌਗੀਕੌਆਇਨ ਲਈ ਪਿਰਾਮਿਡ ਸਕੀਮ ਨੂੰ ਪ੍ਰਮੋਟ ਕੀਤਾ ਅਤੇ ਫ਼ਿਰ ਇਸ ਨਾਲ ਨਿਵੇਸ਼ਕਾਂ ਨੂੰ ਨੁਕਸਾਨ ਪਹੁੰਚਾਇਆ। ਈਲੋਨ ਮਸਕ ਜਾਂ ਉਨ੍ਹਾਂ ਦੇ ਵਕੀਲ ਵਲੋਂ ਅਜੇ ਤਕ ਕੋਈ ਅਧਿਕਾਰਿਕ ਬਿਆਨ ਨਹੀਂ ਆਇਆ।

ਜੌਹਨਸਨ ਦੇ ਵਕੀਲ ਨੇ ਇਹ ਵੀ ਨਹੀਂ ਦੱਸਿਆ ਕਿ ਉਸ ਕੋਲ ਕਿਹੜੇ ਸਬੂਤ ਹਨ ਜੋ ਇਹ ਸਾਬਿਤ ਕਰਦੇ ਹਨ ਕਿ ਈਲੋਨ ਮਸਕ ਨੇ ਇਹ ਹੇਰਾਫ਼ੇਰੀ ਕੀਤੀ ਹੈ। ਹਾਲਾਂਕਿ ਆਪਣੇ ਮੁਕੱਦਮੇ 'ਚ ਜੌਹਨਸਨ ਨੇ ਮਈ 2021 ਤੋਂ ਬਾਅਦ ਡੌਗੀਕੌਆਇਨ 'ਚ ਗਿਰਾਵਟ ਦੇ ਕਾਰਨ 86 ਅਰਬ ਡਾਲਰ ਦੇ ਨੁਕਸਾਨ ਹੋਣ ਦਾ ਦਾਅਵਾ ਕੀਤਾ ਹੈ, ਅਤੇ ਇਸ ਤੋਂ ਤਿੰਨ ਗੁਣਾ ਮੁਆਵਜ਼ਾ ਅਦਾ ਕਰਨ ਦੇ ਨਾਲ ਤਿੰਨ ਗੁਣਾ ਭੁਗਤਾਨ ਦੀ ਮੰਗ ਕੀਤੀ ਹੈ।

ਜੌਹਨਸਨ ਨੇ ਅਦਾਲਤ ਨੂੰ ਮੰਗ ਕੀਤੀ ਹੈ ਕਿ ਈਲੋਨ ਮਸਕ ਨੂੰ ਡੌਗੀਕੌਆਇਨ ਨੂੰ ਪ੍ਰਮੋਟ ਕਰਨ ਤੋਂ ਰੋਕਿਆ ਜਾਵੇ। ਇਸ ਦੇ ਵਪਾਰ ਨੂੰ ਸੰਘੀ ਅਤੇ ਨਿਊ ਯੌਰਕ ਕਾਨੂੰਨ ਦੇ ਤਹਿਤ ਗੈਂਬਲਿੰਗ ਕਰਾਰ ਦਿੱਤਾ ਜਾਵੇ।

# ਔਟਵਾ ਸਿੱਖਾਂ ਦੀ ਗ੍ਰਿਫ਼ਤਾਰੀ ਦਾ ਮਾਮਲਾ ਭੱਖਿਆ






ਟੋਰੌਂਟੋ: ਔਟਵਾ ਵਿਖੇ ਬੀਤੇ ਸ਼ਨੀਵਾਰ ਸੰਸਦ ਨੇੜੇ ਇੱਕ ਵਾਹਨ 'ਚ ਸ਼ੱਕੀ ਬੰਬ ਸਮੱਗਰੀ ਹੋਣ ਦੀ ਜਾਣਕਾਰੀ ਮਿਲੀ ਸੀ ਜਿਸ ਤੋਂ ਬਾਅਦ ਪੁਲੀਸ ਨੇ ਵੱਡੀ ਕਾਰਵਾਈ ਕਰਦਿਆਂ ਸੰਸਦ ਨੂੰ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਦੌਰਾਨ ਰੈਲੀ ਆਯੋਜਕ ਦੋ ਸਿੱਖਾਂ ਪਰਮਿੰਦਰ ਸਿੰਘ ਅਤੇ ਮਨਵੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਬਾਅਦ 'ਚ ਅਫ਼ਸਰਾਂ ਨੇ ਮੁਆਫ਼ੀ ਮੰਗ ਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਜਾਣਕਾਰੀ ਅਨੁਸਾਰ ਸ਼ੱਕੀ ਸਮੱਗਰੀ ਲਈ ਉਨ੍ਹਾਂ ਦੀ ਦਸਤਾਰ ਅਤੇ ਵਾਹਨਾਂ ਦੀ ਤਲਾਸ਼ੀ ਵੀ ਲਈ ਗਈ ਅਤੇ ਕੱਕਾਰ (ਕੜਾ, ਕ੍ਰਿਪਾਨ) ਵੀ ਉਤਾਰੇ ਗਏ।

ਇਸ ਸਬੰਧੀ ਕੈਨੇਡਾ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਪਾਰਲੀਮੈਂਟ ਹਿੱਲ 'ਤੇ 1984 ਦੀ ਸਿੱਖ ਨਸਲਕੁਸ਼ੀ ਨੂੰ ਸ਼ਾਂਤੀਪੂਰਵਕ ਯਾਦ ਕਰਦਿਆਂ ਇੱਕ ਝੂਠੇ ਇਸ਼ਾਰੇ ਦੇ ਨਤੀਜੇ ਵਜੋਂ ਦੋ ਸਿੱਖ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੀਆਂ ਪੱਗਾਂ ਉਤਾਰੀਆਂ ਗਈਆਂ ਅਤੇ ਤਲਾਸ਼ੀ ਲਈ ਗਈ ਜਦਕਿ ਸੰਸਦ ਨੂੰ ਹਾਈ ਐਲਰਟ 'ਤੇ ਰੱਖਿਆ ਗਿਆ। ਮੈਂ ਇਸ ਗੱਲ ਦੀ ਤੁਰੰਤ ਜਾਂਚ ਦੀ ਮੰਗ ਕਰਦਾ ਹਾਂ ਕਿ ਇਸ ਧੋਖਾਧੜੀ ਪਿੱਛੇ ਕੌਣ ਸੀ।

ਜਗਮੀਤ ਸਿੰਘ ਨੇ ਸਵਾਲੀਆ ਲਹਿਜੇ 'ਚ ਕਿਹਾ ਕਿ ਬਤੌਰ ਕਿਸੇ ਠੋਸ ਸਬੂਤ ਦੇ ਸਿੱਖਾਂ ਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਜਿਨ੍ਹਾਂ ਦਾ ਅਤੀਤ 'ਚ ਕਦੇ ਵੀ ਕਿਸੇ ਅਪਰਾਧਿਕ ਸਰਗਰਮੀ ਨਾਲ ਕੋਈ ਸਬੰਧ ਨਹੀਂ ਰਿਹਾ।

# UK ਨੇ ਅਸਾਂਜ ਦੀ ਅਮਰੀਕਾ ਹਵਾਲਗੀ ਨੂੰ ਦਿੱਤੀ ਮਨਜ਼ੂਰੀ

ਲੰਡਨ: ਬ੍ਰਿਟੇਨ ਦੀ ਸਰਕਾਰ ਨੇ ਜਾਸੂਸੀ ਦੇ ਦੋਸ਼ਾਂ ਤਹਿਤ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜ ਦੀ ਅਮਰੀਕਾ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ ਉਹ ਇਸ ਦੇ ਖ਼ਿਲਾਫ਼ ਅਪੀਲ ਕਰ ਸਕਦਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਹਵਾਲਗੀ ਦੇ ਹੁਕਮ 'ਤੇ ਦਸਤਖ਼ਤ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਅਪ੍ਰੈਲ 'ਚ ਬ੍ਰਿਟੇਨ ਦੀ ਇੱਕ ਅਦਾਲਤ ਨੇ ਫ਼ੈਸਲਾ ਦਿੱਤਾ ਸੀ ਕਿ ਅਸਾਂਜ ਨੂੰ ਅਮਰੀਕਾ ਦੇ ਹਵਾਲੇ ਕੀਤਾ ਜਾ ਸਕਦਾ ਹੈ।

ਗ੍ਰਹਿ ਦਫ਼ਤਰ ਨੇ ਇੱਕ ਬਿਆਨ 'ਚ ਕਿਹਾ, "ਬ੍ਰਿਟੇਨ ਦੀਆਂ ਅਦਾਲਤਾਂ ਨੇ ਇਹ ਨਹੀਂ ਪਾਇਆ ਹੈ ਕਿ ਅਸਾਂਜੇ ਦੀ ਹਵਾਲਗੀ ਦਮਨਕਾਰੀ, ਬੇਇਨਸਾਫ਼ੀ ਜਾਂ ਪ੍ਰਕਿਰਿਆ ਦੀ ਦੁਰਵਰਤੋਂ ਹੋਵੇਗੀ।" ਅਮਰੀਕਾ ਡਿਪੋਰਟ ਕੀਤੇ ਜਾਣ ਤੋਂ ਬਚਣ ਲਈ ਅਸਾਂਜ ਦੀ ਸਾਲਾਂ ਤੋਂ ਚੱਲੀ ਕਾਨੂੰਨੀ ਲੜਾਈ 'ਚ ਇਹ ਇੱਕ ਅਹਿਮ ਮੋੜ ਹੈ। ਹਾਲਾਂਕਿ ਇਹ ਅਸਾਂਜ ਦੀਆਂ ਕੋਸ਼ਿਸ਼ਾਂ ਦਾ ਅੰਤ ਨਹੀਂ, ਅਤੇ ਉਸ ਕੋਲ ਇਸ ਵਿਰੁੱਧ ਅਪੀਲ ਕਰਨ ਲਈ 14 ਦਿਨ ਹਨ। ਬ੍ਰਿਟੇਨ ਦੇ ਇੱਕ ਜੱਜ ਨੇ ਅਸਾਂਜ ਦੀ ਹਵਾਲਗੀ ਨੂੰ ਮਨਜ਼ੂਰੀ ਦੇਣ ਲਈ ਅਪ੍ਰੈਲ 'ਚ ਅੰਤਿਮ ਫ਼ੈਸਲਾ ਸਰਕਾਰ 'ਤੇ ਛੱਡ ਦਿੱਤਾ ਸੀ।

# ਭਾਰਤ ਬੰਦ ਦਾ ਦੇਸ਼ ਦੇ ਕਈ ਹਿੱਸਿਆਂ 'ਚ ਵਿਆਪਕ ਅਸਰ



ਯੂਥ ਕਾਂਗਰਸ ਦੇ ਵਰਕਰ ਨਵੀਂ ਦਿੱਲੀ ਦੇ ਸ਼ਿਵਾਜੀ ਬ੍ਰਿਜ ਸਟੇਸ਼ਨ 'ਤੇ ਰੇਲ ਗੱਡੀ ਰੋਕਦੇ ਹੋਏ।

(ਸਫ਼ਾ 1 ਦੀ ਬਾਕੀ)

**612 ਰੇਲ ਗੱਡੀਆਂ ਰੱਦ**

ਅਗਨੀਪਥ ਨੂੰ ਲੈ ਕੇ ਹੋ ਰਹੇ ਦੇਸ਼ਵਿਆਪੀ ਪ੍ਰਦਰਸ਼ਨਾਂ ਨੂੰ ਵੇਖਦਿਆਂ ਰੇਲਵੇ ਨੇ 612 ਰੇਲ ਗੱਡੀਆਂ ਰੱਦ ਕਰ ਦਿੱਤੀਆਂ। ਰੇਲਵੇ ਮੁਤਾਬਿਕ 181 ਮੇਲ, ਐਕਸਪ੍ਰੈੱਸ ਅਤੇ 348 ਮੁਸਾਫ਼ਰ ਰੇਲਾਂ ਰੱਦ ਕੀਤੀਆਂ ਗਈਆਂ ਹਨ। ਜਦਕਿ 4 ਮੇਲ ਐਕਸਪ੍ਰੈੱਸ ਅਤੇ 6 ਪੈਸੰਜਰ ਰੇਲਾਂ ਆਰਜ਼ੀ ਤੌਰ 'ਤੇ ਰੱਦ ਕਰ ਦਿੱਤੀਆਂ ਗਈਆਂ ਹਨ। ਬਿਹਾਰ 'ਚ ਪਿਛਲੇ ਇਕ ਹਫ਼ਤੇ ਤੋਂ ਹੋ ਰਹੇ ਹਿੰਸਕ ਪ੍ਰਦਰਸ਼ਨਾਂ ਨੂੰ ਵੇਖਦਿਆਂ ਬਿਹਾਰ 'ਚ ਰੇਲਵੇ ਨੇ ਸੋਮਵਾਰ ਨੂੰ ਤਕਰੀਬਨ 350 ਰੇਲ ਗੱਡੀਆਂ ਨਾ ਚਲਾਉਣ ਦਾ ਫ਼ੈਸਲਾ ਕੀਤਾ, ਨਾਲ ਹੀ 20 ਜ਼ਿਲ੍ਹਿਆਂ 'ਚ ਇੰਟਰਨੈੱਟ ਸੇਵਾ ਵੀ ਬੰਦ ਕਰ ਦਿੱਤੀ ਗਈ।

**ਪੰਜਾਬ 'ਚ ਕੋਲੇ ਦੀ ਸਪਲਾਈ ਹੋਈ ਪ੍ਰਭਾਵਿਤ**

ਰੇਲਵੇ ਪਟੜੀਆਂ 'ਤੇ ਕੀਤੇ ਜਾਣ ਵਾਲੇ ਪ੍ਰਦਰਸ਼ਨ ਦਾ ਅਸਰ ਪੰਜਾਬ ਦੇ ਥਰਮਲ ਪਲਾਂਟਾਂ 'ਚ ਕੋਲੇ ਦੀ ਸਪਲਾਈ 'ਤੇ ਵੀ ਅਸਰ ਪਿਆ। ਹਾਸਲ ਜਾਣਕਾਰੀ ਮੁਤਾਬਿਕ ਐਤਵਾਰ ਨੂੰ ਗੋਇੰਦਵਾਲ 'ਚ ਡੇਢ ਦਿਨ ਤਲਵੰਡੀ ਸਾਬੋ 'ਚ 5, ਰੋਪੜ 'ਚ 16, ਲਹਿਰਾ ਮੁਹੱਬਤ 'ਚ 14 ਅਤੇ ਰਾਜਪੁਰਾ 'ਚ 21 ਦਿਨਾਂ ਦਾ ਕੋਲਾ ਬਾਕੀ ਹੈ। ਪੰਜਾਬ 'ਚ ਥਰਮਲ ਪਲਾਂਟਾਂ ਨੂੰ ਰੋਜ਼ 20 ਰੈਕ ਕੋਲੇ ਦੀ ਲੋੜ ਹੁੰਦੀ ਹੈ ਪਰ ਰੇਲ ਗੱਡੀਆਂ ਰੱਦ ਹੋਣ ਕਾਰਨ ਝਾਰਖੰਡ ਤੋਂ ਸ਼ੁੱਕਰਵਾਰ, ਸਨਿਚਰਵਾਰ ਨੂੰ ਬਹੁਤ ਘੱਟ ਕੋਲਾ ਪੰਜਾਬ ਭੇਜਿਆ ਗਿਆ। ਸੋਮਵਾਰ ਨੂੰ ਰੇਲ ਗੱਡੀਆਂ ਰੱਦ ਹੋਣ ਕਾਰਨ ਵੀ ਕੋਲੇ ਦੀ ਸਪਲਾਈ ਕਾਫ਼ੀ ਪ੍ਰਭਾਵਿਤ ਹੋਈ ਹੈ।

**ਕਾਂਗਰਸੀ ਆਗੂਆਂ ਦਾ ਜੰਤਰ-ਮੰਤਰ 'ਤੇ ਧਰਨਾ**

ਕਾਂਗਰਸੀ ਆਗੂਆਂ ਨੇ ਭਾਰਤ ਬੰਦ ਦੇ ਸਮਰਥਨ 'ਚ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕੀਤਾ। ਜੰਤਰ-ਮੰਤਰ 'ਤੇ ਹੋਏ ਪ੍ਰਦਰਸ਼ਨ 'ਚ ਕਾਂਗਰਸੀ ਸੰਸਦ ਮੈਂਬਰਾਂ ਅਤੇ ਸੀਨੀਅਰ ਆਗੂਆਂ ਸਮੇਤ ਵੱਡੀ ਗਿਣਤੀ 'ਚ ਕਾਰਜਕਰਤਾਵਾਂ ਨੇ ਹਿੱਸਾ ਲਿਆ। ਧਰਨੇ 'ਚ ਸ਼ਾਮਿਲ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਸ ਸਕੀਮ ਨੂੰ ਨੌਜਵਾਨਾਂ ਦੇ ਭਵਿੱਖ 'ਤੇ ਕੀਤਾ ਹਮਲਾ ਕਰਾਰ ਦਿੱਤਾ। ਇਸ ਮੌਕੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ, ਕਾਂਗਰਸ ਦੇ ਸੀਨੀਅਰ ਆਗੂ ਸਲਮਾਨ ਖੁਰਸ਼ੀਦ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਲਿਕਅਰਜੁਨ ਖੜਗੇ, ਅਧੀਰ ਰੰਜਨ ਚੌਧਰੀ ਤੇ ਪੀ. ਚਿਦੰਬਰਮ ਆਦਿ ਹਾਜ਼ਰ ਸਨ।

# ਅਮਰੀਕਾ 'ਚ ਛੇ ਮਹੀਨਿਆਂ ਤੋਂ ਛੋਟੇ ਬੱਚਿਆਂ ਲਈ ਕੋਵਿਡ ਵੈਕਸੀਨ ਨੂੰ ਮਨਜ਼ੂਰੀ

ਵਾਸ਼ਿੰਗਟਨ: ਅਮਰੀਕਾ ਦੇ ਸਿਹਤ ਅਧਿਕਾਰੀਆਂ ਨੇ ਪੰਜ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਫ਼ਾਈਜ਼ਰ ਅਤੇ ਮੋਡੈਰਨਾ ਕੋਵਿਡ-19 ਟੀਕਿਆਂ ਨੂੰ ਮਨਜ਼ੂਰੀ ਦੇ ਦਿੱਤੀ। ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਫ਼ੈਸਲੇ ਦਾ ਵਾਇਰਸ ਵਿਰੁੱਧ ਲੜਾਈ 'ਚ ਇੱਕ ਸ਼ਾਨਦਾਰ ਕਦਮ ਵਜੋਂ ਸਵਾਗਤ ਕੀਤਾ। ਇਸ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਲਈ ਵੈਕਸੀਨ ਦੀ ਵਰਤੋਂ ਨੂੰ ਮਨਜ਼ੂਰੀ ਦੇਣ ਵਾਲਾ ਪਹਿਲਾ ਦੇਸ਼ ਬਣ ਗਿਆ।

US ਫ਼ੂਡ ਐਂਡ ਡਰੱਗ ਐਡਮਨਿਸਟਸ਼ਨ (FDA) ਨੇ ਛੋਟੇ ਬੱਚਿਆਂ ਲਈ ਉਨ੍ਹਾਂ ਦੀ ਐਮਰਜੈਂਸੀ ਵਰਤੋਂ ਨੂੰ ਅਧਿਕਾਰਿਕ ਕੀਤਾ ਸੀ - ਜਿਨ੍ਹਾਂ ਨੂੰ ਪਹਿਲਾਂ ਵੈਕਸੀਨ ਲੈਣ ਲਈ ਘੱਟੋ ਘੱਟ ਪੰਜ ਸਾਲ ਦਾ ਹੋਣਾ ਚਾਹੀਦਾ ਸੀ, ਪਰ ਟੀਕਿਆਂ ਨੂੰ ਦੇਸ਼ ਦੀ ਪ੍ਰਮੁੱਖ ਜਨਤਕ ਸਿਹਤ ਏਜੰਸੀ, US ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (CDC) ਤੋਂ ਹੋਰ ਮਨਜ਼ੂਰੀ ਦੀ ਲੋੜ ਸੀ - ਅਤੇ ਉਨ੍ਹਾਂ ਨੂੰ ਇਹ ਮਨਜ਼ੂਰੀ ਮਿਲੀ। CDC ਦੇ ਨਿਰਦੇਸ਼ਕ ਰੋਸੇਲ ਵਾਲੈਂਸਕੀ ਨੇ ਇੱਕ ਬਿਆਨ 'ਚ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਲੱਖਾਂ ਮਾਪੇ ਅਤੇ ਦੇਖਭਾਲ ਕਰਨ ਵਾਲੇ ਆਪਣੇ ਛੋਟੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਲਈ ਉਤਸੁਕ ਹਨ ਅਤੇ ਅੱਜ ਦੇ ਫ਼ੈਸਲੇ ਨਾਲ, ਉਹ ਅਜਿਹਾ ਕਰ ਸਕਦੇ ਹਨ।

FDA ਤੋਂ ਹਰੀ ਝੰਡੀ ਮਿਲਣ ਤੋਂ ਬਾਅਦ US ਸਰਕਾਰ ਨੇ ਦੇਸ਼ ਭਰ 'ਚ ਟੀਕੇ ਦੀਆਂ ਲੱਖਾਂ ਖ਼ੁਰਾਕਾਂ ਨੂੰ ਵੰਡਣਾ ਸ਼ੁਰੂ ਕਰ ਦਿੱਤਾ। ਬਾਇਡਨ ਨੇ



ਵਾਅਦਾ ਕੀਤਾ ਕਿ ਮਾਪੇ ਆਪਣੇ ਛੋਟੇ ਬੱਚਿਆਂ ਨੂੰ ਹਸਪਤਾਲਾਂ, ਕਲਿਨਿਕਾਂ, ਫ਼ਾਰਮੇਸੀਆਂ ਅਤੇ ਡਾਕਟਰਾਂ ਦੇ ਦਫ਼ਤਰਾਂ 'ਚ ਟੀਕਾਕਰਨ ਕਰਵਾਉਣ ਲਈ ਅਗਲੇ ਹਫ਼ਤੇ ਦੇ ਸ਼ੁਰੂ 'ਚ ਮੁਲਾਕਾਤਾਂ ਦਾ ਸਮਾਂ ਤੈਅ ਕਰਨਾ ਸ਼ੁਰੂ ਕਰ ਸਕਦੇ ਹਨ। ਇੱਕ ਬਿਆਨ 'ਚ ਉਨ੍ਹਾਂ ਨੇ ਟੀਕਿਆਂ ਨੂੰ ਸੁਰੱਖਿਅਤ ਅਤੇ ਬਹੁਤ ਪ੍ਰਭਾਵਸ਼ਾਲੀ ਦੱਸਿਆ ਅਤੇ ਕਿਹਾ ਕਿ ਸਾਰੇ ਦੇਸ਼ 'ਚ ਮਾਪਿਆਂ ਲਈ ਇਹ ਰਾਹਤ ਅਤੇ ਜਸ਼ਨ ਦਾ ਦਿਨ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ 'ਚ ਵੱਧ ਤੋਂ ਵੱਧ ਖ਼ੁਰਾਕਾਂ ਭੇਜੇ ਜਾਣ ਦੇ ਨਾਲ ਹਰੇਕ ਮਾਤਾ-ਪਿਤਾ ਜੋ ਇੱਕ ਟੀਕਾ ਚਾਹੁੰਦੇ ਹਨ, ਪ੍ਰਾਪਤ ਕਰਨ ਦੇ ਯੋਗ ਹੋਣਗੇ।

ਮੋਡੈਰਨਾ ਵੈਕਸੀਨ, ਜੋ ਮਹੀਨੇ 'ਚ ਦੋ ਖ਼ੁਰਾਕਾਂ 'ਚ ਦਿੱਤੀ ਜਾਂਦੀ ਹੈ, 6 ਮਹੀਨੇ ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਲਈ 25 ਮਾਈਕ੍ਰੋਗ੍ਰਾਮ (6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਨੂੰ ਦਿੱਤੀ ਗਈ ਅੱਧੀ ਮਾਤਰਾ ਅਤੇ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਇੱਕ ਚੌਥਾਈ ਖ਼ੁਰਾਕ) 'ਚ ਉਪਲਬਧ ਹੋਵੇਗੀ। ਵੈਕਸੀਨ ਹੁਣ 6 ਮਹੀਨੇ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਲਈ ਅਧਿਕਾਰਤ ਹੈ ਅਤੇ ਪ੍ਰਤੀ ਟੀਕਾ 3 ਮਾਈਕ੍ਰੋਗ੍ਰਾਮ ਦੀ ਖ਼ੁਰਾਕ 'ਚ ਦਿੱਤੀ ਜਾਵੇਗੀ - ਬਾਲਗ ਖ਼ੁਰਾਕ ਦਾ 10ਵਾਂ ਹਿੱਸਾ। ਫ਼ਰਕ ਇਹ ਹੈ ਕਿ ਬੱਚਿਆਂ ਨੂੰ ਤਿੰਨ ਖ਼ੁਰਾਕਾਂ ਦਿੱਤੀਆਂ ਜਾਣਗੀਆਂ - ਪਹਿਲੀ 2-3 ਹਫ਼ਤਿਆਂ 'ਚ ਅਤੇ ਤੀਜੀ ਅੱਠ ਹਫ਼ਤਿਆਂ ਬਾਅਦ।

ਮੋਡੈਰਨਾ ਪ੍ਰਾਪਤ ਕਰਨ ਵਾਲੇ ਲਗਭਗ ਇੱਕ ਚੌਥਾਈ ਛੋਟੇ ਬੱਚਿਆਂ ਨੂੰ ਬੁਖ਼ਾਰ ਹੋਇਆ, ਖਾਸ ਕਰ ਕੇ ਦੂਜੀ ਖ਼ੁਰਾਕ ਤੋਂ ਬਾਅਦ - ਪਰ ਉਹ ਆਮ ਤੌਰ 'ਤੇ ਇੱਕ ਦਿਨ ਬਾਅਦ ਠੀਕ ਹੋ ਗਏ। ਉਮਰ ਦੇ ਹਿਸਾਬ ਨਾਲ ਲਗਭਗ 20 ਮਿਲੀਅਨ ਅਮਰੀਕੀ ਬੱਚੇ ਹੁਣ ਨਵੇਂ ਟੀਕਿਆਂ ਲਈ ਯੋਗ ਹਨ। ਅਮਰੀਕਾ 'ਚ ਇਸ ਉਮਰ ਸਮੂਹ 'ਚ ਲਗਭਗ 480 ਦੀ ਮੌਤ ਵਾਇਰਸ ਨਾਲ ਹੋਈ ਹੈ। ਫ਼ਾਈਜ਼ਰ ਨੇ ਕਿਹਾ ਹੈ ਕਿ ਉਹ ਇਸ ਸਭ ਤੋਂ ਛੋਟੀ ਉਮਰ ਦੇ ਬੱਚਿਆਂ ਨੂੰ ਵੈਕਸੀਨ ਪ੍ਰਦਾਨ ਕਰਨ ਲਈ ਅਧਿਕਾਰਿਕ ਹੋਣ ਲਈ ਜੁਲਾਈ ਦੇ ਸ਼ੁਰੂ 'ਚ ਯੌਰਪੀਅਨ ਮੈਡੀਸਨ ਏਜੰਸੀ ਨੂੰ ਅਰਜ਼ੀ ਦੇਣ ਦੀ ਉਮੀਦ ਕਰਦਾ ਹੈ।

## ਮੁਸ਼ੱਰਫ਼ ਨੂੰ ਪਾਕਿਸਤਾਨ ਜਾਣ ਲਈ ਡਾਕਟਰਾਂ ਦੀ ਇਜਾਜ਼ਤ ਦਾ ਇੰਤਜ਼ਾਰ

ਇਸਲਾਮਾਬਾਦ: ਗੰਭੀਰ ਤੌਰ 'ਤੇ ਬੀਮਾਰ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਜਿਵੇਂ ਹੀ ਡਾਕਟਰਾਂ ਦਾ ਇਜਾਜ਼ਤ ਮਿਲ ਜਾਵੇਗੀ ਉਨ੍ਹਾਂ ਨੂੰ ਦੁਬਈ ਤੋਂ ਪਾਕਿਸਤਾਨ ਲਿਜਾਇਆ ਜਾਵੇਗਾ। ਫ਼੍ਰਾਈਡੇਅ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ ਬੀਮਾਰ ਸਾਬਕਾ ਫ਼ੌਜ ਪ੍ਰਮੁੱਖ ਦੇ ਕਰੀਬੀ ਸਹਿਯੋਗੀਆਂ ਨੇ ਕਿਹਾ ਹੈ ਕਿ ਸੰਘੀ ਸਰਕਾਰ ਵਲੋਂ ਉਨ੍ਹਾਂ ਨੂੰ ਵਾਪਿਸ ਲਿਆਉਣ ਦਾ ਫ਼ੈਸਲਾ ਕਰਨ ਦੇ ਬਾਅਦ ਪਰਿਵਾਰ ਚਿਕਿਤਸਾ ਮਨਜ਼ੂਰੀ ਦਾ ਇੰਤਜ਼ਾਰ ਕਰ ਰਿਹਾ ਹੈ।ਮੁਸ਼ੱਰਫ਼ ਦੇ ਪਰਿਵਾਰ ਨੇ ਕਿਹਾ ਕਿ ਅੰਤਿਮ ਫ਼ੈਸਲਾ ਲੈਣ ਦੇ ਬਾਅਦ ਉਨ੍ਹਾ ਦੀ ਵਾਪਸੀ ਲਈ ਸਾਰੇ ਜ਼ਰੂਰੀ ਕਾਨੂੰਨੀ ਇੰਤਜ਼ਾਮ ਕੀਤੇ ਜਾਣਗੇ। ਉਨ੍ਹਾਂ ਦੀ ਵਾਪਸੀ ਹਾਲਾਂਕਿ ਉਨ੍ਹਾਂ ਦੇ ਡਾਕਟਰਾਂ ਦੀ ਇਲਾਜ ਦੀ ਰਾਏ ਦੇ ਅਧੀਨ ਹੈ ਜਿਨ੍ਹਾਂ ਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਕੀ ਉਹ ਦੁਬਈ ਤੋਂ ਪਾਕਿਸਤਾਨ ਦੀ ਯਾਤਰਾ ਏਅਰ ਐਂਬੂਲੈਂਸ 'ਤੇ ਕਰ ਸਕਦੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਲਈ ਪਹਿਲੀ ਪਸੰਦ ਇਸਲਾਮਾਬਾਦ ਅਤੇ ਉਸ ਤੋਂ ਬਾਅਦ ਕਰਾਚੀ ਹੋਵੇਗੀ। ਫ਼੍ਰਾਈਡੇਅ ਟਾਈਮਜ਼ ਨੇ ਉਨ੍ਹਾਂ ਦੇ ਪਰਿਵਾਰ ਦੇ ਹਵਾਲੇ ਤੋਂ ਕਿਹਾ ਕਿ 79 ਸਾਲਾ ਸਾਬਕਾ ਫ਼ੌਜੀ ਸ਼ਾਸ਼ਕ ਅਮਾਈਲਾਈਡੋਸਿਸ ਨਾਲ ਪੀੜਤ ਹੈ ਜੋ ਇੱਕ ਦੁਰਲੱਭ ਬੀਮਾਰੀ ਹੈ।

# ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਉਣ ਵਾਲੇ 2 ਸ਼ਾਰਪ ਸ਼ੂਟਰ ਗ੍ਰਿਫ਼ਤਾਰ

(ਸਫ਼ਾ 1 ਦੀ ਬਾਕੀ)

ਖ਼ੁਲਾਸਾ ਕਰਦਿਆਂ ਦੱਸਿਆ ਕਿ ਸ਼ਾਰਪ ਸ਼ੂਟਰਾਂ ਨੇ ਏ.ਕੇ. 47 ਤੇ ਹੋਰ ਹਥਿਆਰ ਚਲਾਏ ਸਨ ਅਤੇ ਹਥਿਆਰਾਂ ਦੇ ਕੰਮ ਨਾ ਕਰਨ ਦੀ ਸੂਰਤ 'ਚ ਉਨ੍ਹਾਂ ਵਲੋਂ ਗ੍ਰਨੇਡ ਹਮਲੇ ਦੀ ਵੀ ਯੋਜਨਾ ਸੀ। ਗ੍ਰਨੇਡਾਂ ਨੂੰ ਬੈਕਅਪ ਯੋਜਨਾ ਵਜੋਂ ਰੱਖਿਆ ਸੀ। ਪ੍ਰਿਆਵਰਤ ਫ਼ੌਜੀ, ਕਸ਼ਿਸ਼ ਉਰਫ਼ ਕੁਲਦੀਪ ਤੇ ਕੇਸ਼ਵ ਕੁਮਾਰ ਨੂੰ ਮੁੰਦਰਾ ਪੋਰਟ (ਗੁਜਰਾਤ) ਤੋਂ ਗ੍ਰਿਫ਼ਤਾਰ ਕੀਤਾ ਹੈ। ਉਹ ਇੱਥੇ ਕਿਰਾਏ ਦੇ ਮਕਾਨ 'ਤੇ ਰਹਿ ਰਹੇ ਸਨ ਤੇ ਪੁਲਿਸ ਲਗਾਤਾਰ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਉਨ੍ਹਾਂ ਦੀ ਸ਼ਨਾਖ਼ਤ 'ਤੇ ਹਰਿਆਣਾ ਦੇ ਸ਼ਹਿਰ ਹਿਸਾਰ ਨਜ਼ਦੀਕ ਪਿੰਡ ਕਿਰਮਾਨਾ ਤੋਂ ਹਥਿਆਰਾਂ ਦਾ ਜ਼ਖ਼ੀਰਾ ਵੀ ਬਰਾਮਦ ਕਰ ਲਿਆ ਹੈ। ਪ੍ਰਿਆਵਰਤ ਫ਼ੌਜੀ ਨੇ ਇਸ ਸਾਰੇ ਮਾਮਲੇ ਦੀ ਵਿਉਂਤਬੰਦੀ ਘੜੀ ਸੀ ਅਤੇ ਇਸ ਦੀ ਅਗਵਾਈ ਵੀ ਉਹ ਹੀ ਕਰ ਰਿਹਾ ਸੀ। ਕੋਰੋਲਾ ਕਾਰ ਨੂੰ ਜਗਰੂਪ ਸਿੰਘ ਰੂਪਾ ਚਲਾ ਰਿਹਾ ਸੀ ਅਤੇ ਮਨਪ੍ਰੀਤ ਮੰਨੂ ਉਸ ਦੇ ਨਾਲ ਬੈਠਾ ਸੀ। ਉਨ੍ਹਾਂ ਮੂਸੇਵਾਲਾ ਦੀ ਥਾਰ ਨੂੰ ਓਵਰਟੇਕ ਕੀਤਾ ਅਤੇ ਮੰਨੂ ਨੇ ਏ.ਕੇ.-47 ਨਾਲ ਮੂਸੇਵਾਲਾ 'ਤੇ ਪਹਿਲੀ ਗੋਲੀ ਚਲਾਈ। ਪਿੱਛੇ ਆ ਰਹੀ ਬਲੈਰੋ ਨੂੰ ਕਸ਼ਿਸ਼ ਚਲਾ ਰਿਹਾ ਸੀ ਅਤੇ ਪ੍ਰਿਆਵਰਤ ਫ਼ੌਜੀ ਉਸ ਦੇ ਨਾਲ ਬੈਠਾ ਸੀ। ਉਨ੍ਹਾਂ ਨਾਲ ਦੀਪਕ ਮੁੰਡੀ ਤੇ ਅੰਕਿਤ ਸੇਰਸਾ ਵੀ ਸਨ। ਇਨ੍ਹਾਂ ਨੇ ਵੀ ਬਲੈਰੋ ਤੋਂ ਬਾਹਰ ਆ ਕੇ ਤਾਬੜਤੋੜ ਗੋਲੀਆਂ ਚਲਾਈਆਂ ਸਨ। ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਮੂਸੇਵਾਲਾ ਦੀ ਮੌਤ ਹੋ ਗਈ ਹੈ ਤਾਂ ਉਨ੍ਹਾਂ ਕੈਨੇਡਾ ਬੈਠੇ ਗੋਲਡੀ ਬਰਾੜ ਨੂੰ ਫ਼ੋਨ 'ਤੇ ਦੱਸਿਆ ਸੀ 'ਕੰਮ ਹੋ ਗਿਆ ਹੈ।' ਦੋਵੇਂ ਗੱਡੀਆਂ ਵੱਖ-ਵੱਖ ਰਾਹਾਂ 'ਤੇ ਵਾਪਸ ਚਲੀਆਂ ਗਈਆਂ ਸਨ ਅਤੇ ਕੁਝ ਦੂਰ ਜਾ ਕੇ ਪ੍ਰਿਆਵਰਤ ਤੇ ਸਾਥੀਆਂ ਨੇ ਬਲੈਰੋ ਗੱਡੀ ਛੱਡ ਦਿੱਤੀ ਸੀ ਅਤੇ ਅੱਗੇ ਉਨ੍ਹਾਂ ਨੂੰ ਕੇਸ਼ਵ ਕੁਮਾਰ ਆਲਟੋ ਗੱਡੀ ਰਾਹੀਂ ਹਰਿਆਣਾ ਦੇ ਸ਼ਹਿਰ ਫ਼ਤਿਆਬਾਦ ਲੈ ਕੇ ਚਲਿਆ ਗਿਆ ਸੀ। ਪੁਲਿਸ ਅਨੁਸਾਰ ਪ੍ਰਿਆਵਰਤ ਤੇ ਉਸ ਦੇ ਸਾਥੀ ਫ਼ਤਿਆਬਾਦ ਵਿਖੇ ਕੁਝ ਦਿਨ ਠਹਿਰੇ ਸਨ ਅਤੇ ਬਾਅਦ 'ਚ ਗੁਜਰਾਤ ਚਲੇ ਗਏ ਸਨ। ਜ਼ਿਕਰਯੋਗ ਹੈ ਕਿ ਕੋਰੋਲਾ ਤੇ ਬਲੈਰੋ ਗੱਡੀਆਂ ਮਾਨਸਾ ਪੁਲਿਸ ਕੋਲ ਜ਼ਬਤ ਹਨ। ਪ੍ਰਿਆਵਰਤ ਫ਼ੌਜੀ ਤੇ ਅੰਕਿਤ ਸੇਰਸਾ ਜਾਂਟੀ ਹਰਿਆਣਾ ਰਾਜ ਦੇ ਜ਼ਿਲ੍ਹਾ ਸੋਨੀਪਤ ਨਾਲ ਸੰਬੰਧਿਤ ਹਨ। ਫ਼ੌਜੀ ਦਾ ਪਿੰਡ ਗੜ੍ਹੀ ਸਿਸਾਨਾ ਹੈ ਜਦਕਿ ਅੰਕਿਤ ਪਿੰਡ ਸੇਰਸਾ ਦਾ ਵਸਨੀਕ ਹੈ। ਇਹ ਦੋਵੇਂ 25 ਮਈ ਨੂੰ ਮਾਨਸਾ ਵੱਲ ਰਵਾਨਾ ਹੋਏ ਦੱਸੇ ਜਾਂਦੇ ਹਨ ਅਤੇ ਇਨ੍ਹਾਂ ਨੇ ਫ਼ਤਿਆਬਾਦ ਜ਼ਿਲ੍ਹੇ ਤੋਂ 7 ਕਿੱਲੋਮੀਟਰ ਦੂਰੀ 'ਤੇ ਵਸੇ ਪਿੰਡ ਬੀਸਲਾ ਦੇ ਪੈਟਰੋਲ ਪੰਪ ਤੋਂ ਬਲੈਰੋ ਗੱਡੀ 'ਚ ਤੇਲ ਪਵਾਇਆ ਸੀ। ਤੇਲ ਪਵਾਉਣ ਸਮੇਂ ਦੋਵੇਂ ਗੱਡੀ ਤੋਂ ਬਾਹਰ ਆਉਣ ਨਾਲ ਉੱਥੇ ਲੱਗੇ ਸੀ.ਸੀ.ਟੀ.ਵੀ. ਕੈਮਰੇ 'ਚ ਕੈਦ ਹੋ ਗਏ ਸਨ। ਇਹ ਬਲੈਰੋ ਗੱਡੀ ਫ਼ਤਿਆਬਾਦ ਦੇ ਪਵਨ ਦੀ ਦੱਸੀ ਜਾਂਦੀ ਹੈ। ਕਸ਼ਿਸ਼ ਉਰਫ਼ ਕੁਲਦੀਪ ਵਾਸੀ ਝੱਜਰ (ਹਰਿਆਣਾ) ਤੇ ਕੇਸ਼ਵ ਕੁਮਾਰ, ਜਿਸ ਨੇ ਸ਼ੂਟਰਾਂ ਨੂੰ ਆਲਟੋ ਗੱਡੀ ਰਾਹੀਂ ਭਜਾਉਣ 'ਚ ਮਦਦ ਕੀਤੀ ਸੀ, ਬਠਿੰਡਾ ਸ਼ਹਿਰ ਦਾ ਰਹਿਣ ਵਾਲਾ ਹੈ। ਜਗਰੂਪ ਸਿੰਘ ਰੂਪਾ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਜੌੜਾ ਦਾ ਵਸਨੀਕ ਹੈ।

ਲਾਰੈਂਸ ਬਿਸ਼ਨੋਈ ਦਾ ਪੁਲਿਸ ਰਿਮਾਂਡ 22 ਜੂਨ ਨੂੰ ਖ਼ਤਮ ਹੋ ਰਿਹਾ ਹੈ ਅਤੇ ਉਸ ਨੂੰ ਮਾਨਸਾ ਦੀ ਅਦਾਲਤ 'ਚ ਪੇਸ਼ ਕਰ ਕੇ ਹੋਰ ਪੁਲਿਸ ਰਿਮਾਂਡ ਮੰਗਿਆ ਜਾਵੇਗਾ। ਗੈਂਗਸਟਰ ਗੁਰਬੀਰ ਸਿੰਘ ਗੋਰਾ ਜੋ ਗੋਲਡੀ ਬਰਾੜ ਦਾ ਜੀਜਾ ਹੈ, ਅਤੇ ਮਨਮੋਹਣ ਸਿੰਘ ਮੋਹਣਾ ਵਾਸੀ ਰੱਲੀ ਨੂੰ ਬਿਸ਼ਨੋਈ ਦੇ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕਰਨ ਦੀ ਚਰਚਾ ਹੈ। ਮੋਹਣਾ 'ਤੇ ਸਿੱਧੂ ਮੂਸੇਵਾਲਾ ਦੀ ਰੇਕੀ ਕਰਨ ਦਾ ਦੋਸ਼ ਹੈ।

**ਕੇਸ਼ਵ ਨੇ 13 ਮਹੀਨੇ ਪਹਿਲਾਂ ਵੀ ਕੱਟੀ ਜੇਲ੍ਹ**

ਬਠਿੰਡਾ, (ਜਸਵੀਰ ਔਲਖ) - ਸਿੱਧੂ ਮੂਸੇਵਾਲਾ ਦੇ ਕਤਲ ਕਾਂਡ 'ਚ ਬਠਿੰਡਾ ਦੀ ਆਵਾ ਬਸਤੀ ਦਾ ਰਹਿਣ ਵਾਲਾ ਸ਼ੂਟਰ ਕੇਸ਼ਵ ਵੀ ਸ਼ਾਮਿਲ ਹੈ। ਕੇਸ਼ਵ ਦੇ ਪਿਤਾ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਘਰ 'ਚ ਉਸ ਦੀ ਮਾਂ ਆਸ਼ਾ ਰਾਣੀ ਤੇ ਭੈਣ ਹਨ। ਇਸੇ ਵਰ੍ਹੇ ਦੇ ਅਪ੍ਰੈਲ ਮਹੀਨੇ 'ਚ ਕੇਸ਼ਵ ਨੂੰ ਉਸ ਦੀ ਮਾਂ ਵਲੋਂ ਬੇਦਖ਼ਲ ਕਰ ਦਿੱਤਾ ਗਿਆ ਸੀ ਪਰ ਉਸ ਦਾ ਘਰ ਅਜੇ ਵੀ ਆਉਣਾ-ਜਾਣਾ ਸੀ ਤੇ ਉਹ ਮੂਸੇਵਾਲਾ ਦੀ 29 ਮਈ ਨੂੰ ਕੀਤੀ ਗਈ ਹੱਤਿਆ ਤੋਂ ਪਹਿਲਾਂ 22 ਮਈ ਦੀ ਰਾਤ ਘਰ ਆਇਆ ਸੀ ਤੇ 23 ਨੂੰ ਸਵੇਰੇ ਚੰਡੀਗੜ੍ਹ ਜਾਣ ਦਾ ਕਹਿ ਕੇ ਘਰੋਂ ਚਲਾ ਗਿਆ ਸੀ। ਜਿਸ ਦੇ ਆਧਾਰ 'ਤੇ ਬਠਿੰਡਾ ਪੁਲਿਸ ਵਲੋਂ ਕੇਸ਼ਵ ਦੀ ਭੈਣ ਨੂੰ ਪੁੱਛਗਿੱਛ ਲਈ ਕਈ ਵਾਰ ਹਿਰਾਸਤ 'ਚ ਲਿਆ ਗਿਆ। ਪੁਲਿਸ ਦੀ ਇਸੇ ਖ਼ੱਜਲ-ਖ਼ੁਆਰੀ ਤੋਂ ਤੰਗ ਆ ਕੇ ਕੇਸ਼ਵ ਦੀ ਮਾਂ ਤੇ ਭੈਣ ਨੇ ਕਿਹਾ ਸੀ ਕਿ ਜੇਕਰ ਉਹ ਮੂਸੇਵਾਲਾ ਦੀ ਹੱਤਿਆ ਲਈ ਜ਼ਿੰਮੇਵਾਰ ਹੈ ਤਾਂ ਉਸ ਨੂੰ ਗੋਲੀ ਮਾਰ ਦਿਓ, ਪਰ ਸਾਨੂੰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ। ਬਠਿੰਡਾ ਦੇ ਮਹਿਣਾ ਚੌਕ 'ਚ ਪੰਡਿਤ ਨਾਮੀ ਇਕ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ 'ਚ ਵੀ ਕੇਸ਼ਵ ਨੇ 13 ਮਹੀਨਿਆਂ ਦੀ ਜੇਲ੍ਹ ਕੱਟੀ ਹੈ ਤੇ ਉਹ ਬਠਿੰਡਾ ਦੇ ਨਗਰ ਸੁਧਾਰ ਟਰੱਸਟ ਕੋਲ ਕੀਤੇ ਗਏ ਇਕ ਹੋਰ ਕਤਲ 'ਚ ਵੀ ਸ਼ਾਮਿਲ ਦੱਸਿਆ ਜਾ ਰਿਹਾ ਹੈ। ਹੁਣ ਉਸ ਦਾ ਨਾਂਅ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਅੰਮ੍ਰਿਤਸਰ ਤੋਂ ਹਥਿਆਰ ਮੁਹੱਈਆ ਕਰਵਾਉਣ ਕਾਰਨ ਸਾਹਮਣੇ ਆਇਆ ਸੀ।


# ਦਫ਼ਤਰ ਨਗਰ ਪੰਚਾਇਤ,ਕੋਟਸ਼ਮੀਰ (ਬਠਿੰਡਾ)

## ਇਸ਼ਤਿਹਾਰ

☛ ਸਵੱਛ ਭਾਰਤ ਮਿਸ਼ਨ ਤਹਿਤ ਹਰ ਵਿਅਕਤੀ ਆਪਣੇ ਘਰ/ਦੁਕਾਨਾਂ ਦਾ ਕੂੜਾ ਅਲੱਗ ਅਲੱਗ (ਗਿੱਲਾ, ਸੁੱਕਾ) ਰੇਹੜੀ ਵਾਲਿਆ ਨੂੰ ਪਾਇਆ ਜਾਵੇ। ਅਗਰ ਕੋਈ ਵਿਅਕਤੀ ਕੂੜਾ ਖਾਲੀ ਪਲਾਟ/ਜਗ੍ਹਾਂ ਜਾਂ ਡੰਪ ਉਪਰ ਸੁੱਟਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾ ਵੀ ਵਸੂਲਿਆ ਜਾਵੇਗਾ।

☛ ਸਰਕਾਰ ਵੱਲੋਂ ਸਿੰਗਲ ਯੂਜ਼ ਪਲਾਸਟਿਕ ਕੈਰੀਬੈਗ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਗਈ ਹੈ। ਅਗਰ ਕੋਈ ਵਿਅਕਤੀ/ਦੁਕਾਨਦਾਰ ਸਿੰਗਲ ਯੂਜ਼ਰ ਪਲਾਸਟਿਕ ਕੈਰੀਬੈਗ ਦੀ ਵਰਤੋਂ ਕਰਦਾ/ਵੇਚਦਾ ਪਾਇਆ ਗਿਆ ਤਾਂ ਉਸਦਾ ਚਲਾਨ ਕੀਤਾ ਜਾਵੇਗੀ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ।

☛ ਆਪਣੀ ਜਗ੍ਹਾਂ/ਦੁਕਾਨ/ਮਕਾਨ ਦਾ ਬਣਦਾ ਪ੍ਰਾਪਰਟੀ ਟੈਕਸ ਆਦਿ ਦਫ਼ਤਰ ਨਗਰ ਪੰਚਾਇਤ, ਕੋਟਸ਼ਮੀਰ ਪਾਸ ਤੁਰੰਤ ਜਮ੍ਹਾ ਕਰਵਾਇਆ ਜਾਵੇ। ਇਸ ਤੋਂ ਇਕੱਠਾ ਪੈਸਾ ਸ਼ਹਿਰ ਦੀ ਭਲਾਈ ਲਈ ਹੀ ਵਰਤਿਆ ਜਾਦਾ ਹੈ।

☛ਬਰਸਾਤ ਦਾ ਮੌਸਮ ਹੋਣ ਕਰਕੇ ਕੂਲਰਾਂ ਅਤੇ ਰਬੜ ਦੇ ਪੁਰਾਣੇ ਟਾਇਰਾਂ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤੇ ਕਿ ਡੇਂਗੂ ਤੋਂ ਬਚਾਅ ਕੀਤਾ ਜਾ ਸਕੇ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਕੋਟਸ਼ਮੀਰ

# ਯੋਗਾ ਦੀ ਮਹੱਤਤਾ ਤੇ ਵਰਕਸ਼ਾਪ ਅਤੇ ਸੈਮੀਨਾਰ ਨਾਮਕ ਪ੍ਰੋਗਰਾਮ ਦਾ ਆਯੋਜਨ

**ਪਟਿਆਲਾ, -ਰੋਜ਼ਾਨਾ ਸਵੇਰਾ-**



ਦੌੜ ਜਾਂ ਹੋਰ ਖੇਡਾਂ ਆਪਣੀ ਜਗ੍ਹਾ ਹਨ ਅਤੇ ਯੋਗਾ ਆਪਣੀ ਜਗ੍ਹਾ ਹੈ। ਦੋਹਾਂ ਦੀ ਆਪੋ ਆਪਣੀ ਵੱਖਰੀ ਮਹੱਤਤਾ ਹੈ।

ਇਹ ਵਿਚਾਰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਪ੍ਰਗਟਾਏ ਗਏ। ਉਹ ਯੂਨੀਵਰਸਿਟੀ ਕੈਂਪਸ ਦੇ ਖੇਡ ਵਿਭਾਗ ਵਿਚਲੇ ਜਿਨਮੇਜ਼ੀਅਮ ਹਾਲ ਵਿੱਚ ਐੱਨ.ਐੱਸ.ਐੱਸ. ਵਿਭਾਗ ਵੱਲੋਂ ਸਵੇਰੇ ਛੇ ਵਜੇ ਕਰਵਾਏ ਗਏ ਵਿਸ਼ੇਸ਼ ਪ੍ਰੋਗਰਾਮ ਦੌਰਾਨ ਪ੍ਰਗਟਾਏ ਗਏ। ਇਹ ਪ੍ਰੋਗਰਾਮ ਕੌਮਾਂਤਰੀ ਯੋਗਾ ਦਿਹਾੜੇ ਦੇ ਸੰਬੰਧ ਵਿੱਚ ਆਯੋਜਿਤ ਕਰਵਾਇਆ ਜਾ ਰਿਹਾ ਹੈ।

'ਯੋਗਾ ਦੀ ਮਹੱਤਤਾ ਤੇ ਵਰਕਸ਼ਾਪ ਅਤੇ ਸੈਮੀਨਾਰ' ਨਾਮਕ ਇਸ ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਖੇਡ ਵਿਭਾਗ ਅਤੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ (ਈ. ਐੱਮ. ਆਰ. ਸੀ.) ਵੱਲੋਂ ਕੀਤਾ ਗਿਆ ਜਿਸ ਵਿੱਚ ਪ੍ਰੋ. ਅਰਵਿੰਦ ਮੁੱਖ ਵਕਤਾ ਵਜੋਂ ਵੀ ਸ਼ਾਮਿਲ ਹੋਏ ਅਤੇ ਇੱਥੇ ਹਾਜ਼ਰ ਸਭਨਾਂ ਨਾਲ ਮਿਲ ਕੇ ਯੋਗਾ ਵੀ ਕੀਤਾ। ਪ੍ਰੋ. ਅਰਵਿੰਦ ਨੇ ਕਿਹਾ ਕਿ ਯੋਗਾ ਤੋਂ ਭਾਵ ਸਿਰਫ਼ ਇਹ ਨਹੀਂ ਕਿ ਯੋਗਾ ਨਾਲ ਸੰਬੰਧਤ ਦਿਹਾੜੇ ਉੱਤੇ ਸਿਰਫ਼ ਇੱਕ ਦਿਨ ਹੀ ਯੋਗਾ ਕਰਨਾ ਹੈ, ਸਗੋਂ ਯੋਗਾ ਦਾ ਅਸਲ ਮਕਸਦ ਤਦ ਹੀ ਪੂਰਾ ਹੁੰਦਾ ਹੈ ਜੇਕਰ ਇਸ ਨੂੰ ਆਮ ਜਿ?ਦਗੀ ਦਾ ਹਿੱਸਾ ਬਣਾਇਆ ਜਾਵੇ। ਨਿਰੰਤਰ ਯੋਗਾ ਕਰਨ ਨਾਲ ਹੀ ਇਸ ਦਾ ਅਸਲ ਲਾਭ ਲਿਆ ਜਾ ਸਕਦਾ ਸਕਦਾ ਹੈ।

ਇਸ ਮੌਕੇ ਮੁੱਖ ਵਕਤਾ ਵਜੋਂ ਹਾਜ਼ਰ ਹੋਏ ਡਾ. ਤਰਲੋਕ ਸਿੰਘ ਸੰਧੂ (ਉਲੰਪੀਅਨ), ਜੋ ਕਿ ਸਪੋਰਟਸ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਦੇ ਸਾਬਕਾ ਡਾਇਰੈਕਟਰ ਹਨ, ਵੱਲੋਂ ਆਪਣੇ ਵਿਚਾਰ ਪ੍ਰਗਟਾਉਂਦਿਆਂ ਵੱਖ-ਵੱਖ ਤਰਕਾਂ ਨਾਲ਼ ਯੋਗਾ ਦੀ ਮਹੱਤਤਾ ਬਾਰੇ ਸਮਝਾਇਆ। ਉਨ੍ਹਾਂ ਕਿਹਾ ਕਿ ਹੁਣ ਤੱਕ ਦੀਆਂ ਖੋਜਾਂ ਦੇ ਅਧਾਰ ਉੱਤੇ ਇਹ ਇੱਕ ਸਰਵ ਸਿੱਧ ਗੱਲ ਹੈ ਕਿ ਤੰਦਰੁਸਤ ਸ਼ਰੀਰ ਵਿੱਚ ਹੀ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਅੱਜ ਦੀ ਭੱਜ ਦੌੜ ਦੀ ਜਿ?ਦਗੀ ਵਿੱਚ ਯੋਗਾ ਜਿਹੀਆਂ ਤੰਦਰੁਸਤੀ ਨਾਲ ਜੁੜੀਆਂ ਗਤੀਵਿਧੀਆਂ ਦੀ ਅਹਿਮੀਅਤ ਨੂੰ ਹੋਰ ਵਧੇਰੇ ਸਮਝਣ ਅਤੇ ਆਪਣੀ ਜਿ?ਦਗੀ ਵਿੱਚ ਅਪਨਾਉਣ ਦੀ ਲੋੜ ਹੈ।

ਇਸ ਮੌਕੇ ਈ.ਐੱਮ.ਆਰ.ਸੀ. ਦੇ ਡਾਇਰੈਕਟਰ ਦਲਜੀਤ ਅਮੀ, ਐੱਨ. ਐੱਸ. ਐੱਸ. ਦੇ ਕੋਆਰਡੀਨੇਟਰ ਡਾ. ਮਮਤਾ ਸ਼ਰਮਾ ਅਤੇ ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਵਿਸ਼ੇਸ਼ ਤੌਰ ਉੱਤੇ ਹਾਜ਼ਰ ਰਹੇ।

# ਬੁੱਢਾ ਦਲ ਪਬਲਿਕ ਸਕੂਲ ਵਿੱਚ ਗਰਮੀ ਦੇ ਕੈਂਪ ਦਾ ਸਮਾਪਤੀ ਸਮਾਰੋਹ



**ਪਟਿਆਲਾ, -ਰੋਜ਼ਾਨਾ ਸਵੇਰਾ-**

ਬੁੱਢਾ ਦਲ ਪਬਲਿਕ ਸਕੂਲ ਦੇ ਵਿੱਚ ਗਰਮੀ ਦੇ ਕੈਂਪ ਦਾ ਸਮਾਪਤੀ ਸਮਾਰੋਹ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਦੀ ਕਲਾਤਮਕ ਰੁਚੀਆਂ ਨੂੰ ਨਿਖਾਰਨਾ ਸੀ। ਇਹ ਕੈਂਪ 1 ਜੂਨ ਤੋਂ 18 ਜੂਨ ਤੱਕ ਲਗਾਇਆ ਗਿਆ। ਲਗਭਗ 650 ਬੱਚਿਆਂ ਨੇ ਇਸ ਵਿੱਚ ਭਾਗ ਲਿਆ। ਕੈਂਪ ਵਿੱਚ ਬੱਚਿਆਂ ਨੇ ਸ਼ਬਦ ਗਾਇਨ, ਯੋਗਾ, ਵੈਦਿਕ ਮੈਥ, ਸੁੰਦਰ ਲਿਖਾਈ, ਬਿਨਾਂ ਅੱਗ ਦੇ ਖਾਣ ਦੇ ਸੁਆਦੀ ਪਕਵਾਨ ਬਣਾਉਣਾ, ਜ਼ੁੰਬਾ ਅਤੇ ਕਈ ਪ੍ਰਕਾਰ ਦੀਆਂ ਖੇਡਾਂ ਦੀ ਸਿਖਲਾਈ ਹਾਸਲ ਕੀਤੀ।

ਬੱਚਿਆਂ ਨੇ ਇਸ ਕੈਂਪ ਦਾ ਭਰਪੂਰ ਆਨੰਦ ਮਾਣਿਆ ਅਤੇ ਆਪਣੀ ਅੰਦਰ ਛੁਪੀ ਕਲਾ ਦਾ ਪ੍ਰਦਰਸ਼ਨ ਵੀ ਕੀਤਾ। ਨਾ ਕੇਵਲ ਬੱਚਿਆਂ ਨੇ ਬਲਕਿ ਸਮੂਹ ਮਾਪਿਆਂ ਨੇ ਇਸ ਕੈਂਪ ਦੀ ਬਹੁਤ ਸ਼ਲਾਘਾ ਕੀਤੀ।

ਸਕੂਲ ਦੇ ਚੀਫ ਪੇਟਰਨ ਸਤਿਕਾਰਯੋਗ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਬੀਰ ਸਿੰਘ ਜੀ (ਅਕਾਲੀ) 96 ਕਰੋੜੀ, ਪ੍ਰੈਜ਼ੀਡੈਂਟ ਸ੍ਰੀਮਤੀ ਸੁਖਵਿੰਦਰਜੀਤ ਕੌਰ ਜੀ, ਸਿੱਖਿਆ ਨਿਰਦੇਸ਼ਕ ਅਤੇ ਸਲਾਹਕਾਰ ਐਡਵੋਕੇਟ ਸ. ਕਰਨ ਰਾਜਬੀਰ ਸਿੰਘ ਜੀ ਨੇ ਪ੍ਰਿੰਸੀਪਲ ਸਾਹਿਬਾਨ ਸ੍ਰੀਮਤੀ ਹਰਪ੍ਰੀਤ ਕੌਰ, ਸ੍ਰੀਮਤੀ ਅਮਨਦੀਪ ਕੌਰ (ਇੰਚਾਰਜ ਜੂਨੀਅਰ ਵਿੰਗ), ਅਧਿਆਪਕਾਂ ਅਤੇ ਬੱਚਿਆਂ ਦੁਆਰਾ ਕੀਤੇ ਜਤਨਾਂ ਦੀ ਸ਼ਲਾਘਾ ਕੀਤੀ ਅਤੇ ਉਜਵਲ ਭਵਿੱਚ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਅੱਗਜਨੀ ਕਰਨ ਵਾਲੇ ਲੋਕ ਸੈਨਾ ਵਿੱਚ ਜਾਣ ਦੇ ਲਾਇਕ ਨਹੀਂ-ਕਪਿਲ ਪਰਮਾਰ




**ਸੁਨਾਮ ਊਧਮ ਸਿੰਘ ਵਾਲਾ -ਰੋਜ਼ਾਨਾ ਸਵੇਰਾ-**

ਅਗਨੀਪੱਥ ਨੂੰ ਲੈ ਕੇ ਦੇਸ਼ ਭਰ ਵਿੱਚ ਜਨਤਕ ਥਾਵਾਂ ਤੇ ਅਣਸੁਖਾਵੀਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੋਕ ਆਰਮੀ ਵਿੱਚ ਜਾਣ ਵਾਲੇ ਨਹੀਂ ਹੋ ਸਕਦੇ ਅਤੇ ਅਜਿਹਾ ਕਰਕੇ ਇਹ ਲੋਕ ਜਨਤਾ ਦੀ ਸੰਪਤੀ ਨੂੰ ਹੀ ਸਾੜ ਰਹੇ ਹਨ ਜੋਕਿ ਨਹੀਂ ਹੋਣਾ ਚਾਹੀਦਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨੈਸ਼ਨਲ ਹੈਡ ਸ਼ੋਸ਼ਲ ਮੀਡੀਆ ਅਤੇ ਇੰਚਾਰਜ ਭਾਰਤੀ ਜਨਤਾ ਯੁਵਾ ਮੋਰਚਾ ਪੰਜਾਬ ਕਪਿਲ ਪਰਮਾਰ ਨੇ ਤਾਜ ਕਲੋਨੀ ਵਿਖੇ ਭਾਜਪਾ ਯੂਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਰਾਜਦੀਪ ਸਿੰਘ ਚੱਠਾ ਨੇ ਨਿਵਾਸ ਸਥਾਨ ਤੇ ਪੱਤਰਕਾਰਾਂ ਨਾਲ ਕਰਦਿਆਂ ਕੀਤਾ।

ਪੱਤਰਕਾਰਾਂ ਨਾਲ ਗਲੱਬਾਤ ਕਰਦਿਆਂ ਪਰਮਾਰ ਨੇ ਕਿਹਾ ਕਿ ਅਗਨੀਪੱਥ ਨੂੰ ਲੈ ਕੇ ਕਾਫੀ ਉਲਝਣਾਂ ਪੈਦਾ ਕੀਤੀਆਂ ਜਾ ਰਹੀਆਂ ਹਨ ਪਰ ਅਜਿਹਾ ਕੁਝ ਨਾ ਹੋ ਕੇ ਸਭ ਕੁਝ ਸਪੱਸ਼ਟ ਕੀਤਾ ਗਿਆ ਹੈ ਅਤੇ ਨਾਲ ਹੀ ਅਗਨੀਪੱਥ ਵਿੱਚ ਜਾਣ ਵਾਲਾ ਵਿਅਕਤੀ ਆਚਾਰ, ਵਿਵਹਾਰ ਤਾਂ ਸਿਖ ਕੇ ਹੀ ਆਵੇਗਾ ਪਰ ਨਾਲ ਹੀ ਆਰਮੀ ਵਿਅਕਤੀ ਨੂੰ ਅਨੁਸ਼ਾਸ਼ਨ ਵੀ ਸਿਖਾਉਂਦੀ ਹੈ। ਉਹਨਾਂ ਕਿਹਾ ਕਿ ਕੋਰੋਨਾ ਮਹਾਮਾਰੀ ਕਾਰਨ ਫੌਜ ਵਿੱਚ ਭਰਤੀ ਬੰਦ ਸੀ ਪਰ ਜਿਉਂ ਹੀ ਕੋਰੋਨਾ ਦਾ ਪ੍ਰਭਾਵ ਘਟਿਆ ਹੈ ਤਾਂ ਕੇਂਦਰ ਸਰਕਾਰ ਵੱਲੋਂ ਦੇਸ਼ ਦੀ ਸੈਨਾ ਨੂੰ ਹੋਰ ਮਜ਼ਬੂਤ ਕਰਨ ਲਈ ਅਗਨੀਪੱਥ ਸਕੀਮ ਲਿਆਂਦੀ ਗਈ ਹੈ ਅਤੇ ਅਜਿਹੀਆਂ ਸਕੀਮਾਂ ਰਾਹੀਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਭਰਤੀ ਕੀਤੀ ਜਾਵੇਗੀ। ਉਹਨਾਂ ਦੇਸ਼ ਦੀ ਜਨਤਾ ਨੂੰ ਸਵਾਲ ਕੀਤਾ ਕਿ ਅੱਗਜਨੀ ਕਰਨ ਵਾਲੇ ਲੋਕ ਸੈਨਾ ਵਿੱਚ ਜਾਣ ਦੇ ਲਾਇਕ ਹਨ?

ਇਸ ਮੌਕੇ ਉਹਨਾਂ ਨਾਲ ਭਾਰਤੀ ਜਨਤਾ ਯੁਵਾ ਮੋਰਚਾ ਪੰਜਾਬ ਦੇ ਪ੍ਰਧਾਨ ਭਾਨੂ ਪ੍ਰਤਾਪ ਰਾਣਾ, ਯੁਵਾ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਰਵੀ ਬੱਤਰਾ, ਬੁਲਾਰਾ ਚਿਰਾਂਸ਼ੂ ਰਤਨ, ਯੂਵਾ ਮੋਰਚਾ ਦੇ ਸੂਬਾ ਸਕੱਤਰ ਵਿਸ਼ਾਲ ਸ਼ਰਮਾ, ਭਾਜਪਾ ਯੂਵਾ ਮੋਰਚਾ ਦੇ ਸੂਬਾ ਕਾਰਜਕਾਰਨੀ ਮੈਂਬਰ ਰਜਤ ਸ਼ਰਮਾ, ਧੀਰਜ ਗੋਇਲ, ਗੋਬਿੰਦ ਸਿੰਘ, ਪ੍ਰੇਮ ਆਦਿ ਮੌਜੂਦ ਸਨ।

# ਅੱਗ ਨਾਲ ਵਪਾਰੀ ਦੇ ਹੋਏ ਨੁਕਸਾਨ ਦੀ ਅਦਾਇਗੀ ਦਾ ਪ੍ਰਬੰਧ ਕਰੇ ਸਰਕਾਰ - ਵਪਾਰ ਮੰਡਲ



**ਸੁਨਾਮ ਊਧਮ ਸਿੰਘ ਵਾਲਾ -ਰੋਜ਼ਾਨਾ ਸਵੇਰਾ-**

ਤੜਕਸਾਰ ਸ਼ਹਿਰ ਦੇ ਰੇਲਵੇ ਰੋਡ ਤੇ ਸਥਿਤ ਇੱਕ ਕੱਪੜੇ ਦੇ ਸ਼ੋ-ਰੂਮ ਵਿੱਚ ਅੱਗ ਲੱਗਣ ਕਾਰਨ ਹੋਏ ਭਾਰੀ ਨੁਕਸਾਨ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਯੂਨਿਟ ਸੁਨਾਮ ਪ੍ਰਧਾਨ ਪਵਨ ਗੁੱਜਰਾਂ, ਸਕੱਤਰ ਚੰਦਰ ਪ੍ਰਕਾਸ਼ ਅਤੇ ਅਜੇ ਮਸਤਾਨੀ ਨੇ ਸ਼ੋ-ਰੂਮ ਮਾਲਕ ਨਾਲ ਦੁੱਖ ਜਾਹਿਰ ਕੀਤਾ।

ਇਸ ਮੌਕੇ ਵਪਾਰ ਮੰਡਲ ਦੇ ਯੂਨਿਟ ਪ੍ਰਧਾਨ ਪਵਨ ਗੁੱਜਰਾਂ ਨੇ ਆਖਿਆ ਕਿ ਕੋਰੋਨਾ ਕਾਲ ਦੇ ਝੰਬਿਆ ਵਪਾਰੀ ਅਜੇ ਇਸ ਤੋਂ ਬਾਹਰ ਨਹੀਂ ਨਿਕਲਿਆ ਸੀ ਕਿ ਅਜਿਹੀ ਅਣਸੁਖਾਵੀਂ ਘਟਨਾ ਨੇ ਵਪਾਰੀ ਨੂੰ ਹੋਰ ਵੀ ਤੋੜ ਕੇ ਰੱਖ ਦਿੱਤਾ ਹੈ ਜਿਸ ਨਾਲ ਆਰਥਿਕ ਸਥਿਤੀ ਖਰਾਬ ਹੋਣਾ ਸਭਾਵਿਕ ਹੈ। ਉਹਨਾਂ ਕਿਹਾ ਕਿ ਵਪਾਰੀ ਦੇ ਸ਼ੋ-ਰੂਮ ਵਿੱਚ ਅਚਾਨਕ ਲੱਗੀ ਅੱਗ ਨਾਲ ਹੋਏ ਵੱਡੇ ਮਾਲੀ ਨੁਕਸਾਨ ਦੀ ਭਰਪਾਈ ਕਰਨ ਦੇ ਨਾਲ-ਨਾਲ ਰੋਜ਼ਾਨਾ ਖਰਚਿਆਂ ਨੂੰ ਚੁੱਕਣਾ ਮੁਸ਼ਕਿਲ ਜਾਪਦਾ ਹੈ। ਉਹਨਾਂ ਕਿਹਾ ਕਿ ਸੂਬੇ ਦੇ ਖਜ਼ਾਨੇ ਵਿੱਚ ਟੈਕਸਾਂ ਦੀ ਅਦਾਇਗੀ ਕਰਨ ਵਾਲੇ ਵਪਾਰੀ ਵਰਗ ਦੀ ਸਰਕਾਰ ਵੱਲੋਂ ਸੁਧ ਲਈ ਜਾਵੇ ਅਤੇ ਸਬੰਧਤ ਦੁਕਾਨਦਾਰ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਸਰਕਾਰ ਅੱਗੇ ਆਵੇ।

# ਕਾਂਗਰਸੀ ਕੌਂਸਲਰਾਂ ਨੇ ਅਮਨ ਅਰੋੜਾ ਵਿਧਾਇਕ ਦੀ ਅਗਵਾਈ ਦੇ ਵਿਚ ਆਪ ਦਾ ਪੱਲਾ ਫੜਿਆ

**ਸੁਨਾਮ ਊਧਮ ਸਿੰਘ ਵਾਲਾ -ਰੋਜ਼ਾਨਾ ਸਵੇਰਾ-**


ਆਪ ਪਾਰਟੀ ਵਿੱਚ ਸ਼ਾਮਲ ਹੁੰਦੇ ਹੋਏ ਕੌਂਸਲਰ।

ਸੁਨਾਮ ਸ਼ਹਿਰ ਦੇ ਦੋ ਨਗਰ ਕੌਂਸਲਰਾਂ ਸੁਨੀਲ ਗੋਇਲ, ਆਸ਼ੂ ਖਡਿਆਲੀਆ, ਗੁਰਜੀਤ ਕੌਰ ਵੱਲੋਂ ਵਿਧਾਇਕ ਅਮਨ ਅਰੋੜਾ ਦੀ ਅਗਵਾਈ ਵਿਚ ਆਪ ਦਾ ਪੱਲਾ ਫੜਿਆ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਮੌਕੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨੀਤੀਆਂ ਨੂੰ ਦੇਖਦੇ ਹੋਏ ਵੱਡੀ ਗਿਣਤੀ ਦੇ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਹੀ ਲੋਕਾਂ ਦੀ ਪਾਰਟੀ ਹੈ ਅਤੇ ਪੰਜਾਬ ਵਾਸੀਆਂ ਦਾ ਭਲਾ ਕਰਨ ਵਾਲੀ ਪਾਰਟੀ ਹੈ।

ਇਸ ਮੌਕੇ ਸੁਨੀਲ ਗੋਇਲ ਆਸ਼ੂ ਖਡਿਆਲਿਆ ਨੇ ਕਿਹਾ ਕਿ ਵਿਧਾਇਕ ਅਮਨ ਅਰੋੜਾ ਮਿਹਨਤੀ ਅਤੇ ਈਮਾਨਦਾਰ ਨੇਤਾ ਹਨ ਅਤੇ ਸ਼ਹਿਰ ਦੇ ਵਿਕਾਸ ਕੰਮਾਂ ਲਈ ਉਨ੍ਹਾਂ ਵੱਲੋਂ ਲਗਾਤਾਰ ਕੰਮ ਕੀਤੇ ਜਾ ਰਹੇ ਹਨ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਨੂੰ ਦੇਖਦੇ ਹੋਏ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਨਿਰਮਲਾ ਦੇਵੀ, ਤਰਸੇਮ ਤੋਲੋਵਾਲੀਆ, ਮਨਪ੍ਰੀਤ ਬਾਂਸਲ ਆਦਿ ਮੌਜੂਦ ਸਨ।

# ਜਿਲ੍ਹਾ ਪਟਿਆਲਾ ਅੰਦਰ ਹੁਣ ਤੱਕ ਕੁਲ 302 ਗਰਾਮ ਪੰਚਾਇਤਾਂ ਦੇ ਆਮ ਇਜਲਾਸ ਕਰਵਾਏ

**ਪਟਿਆਲਾ, -ਰੋਜ਼ਾਨਾ ਸਵੇਰਾ-**



ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪਟਿਆਲਾ ਜ਼ਿਲ੍ਹੇ ਦੀਆਂ ਗ੍ਰਾਮ ਪੰਚਾਇਤਾਂ ਦੇ 15 ਜੂਨ ਤੋਂ ਕਰਵਾਏ ਜਾ ਰਹੇ ਆਮ ਇਜਲਾਸ ਤਹਿਤ ਹੁਣ ਤੱਕ ਜਿਲ੍ਹਾ ਪਟਿਆਲਾ ਅੰਦਰ ਹੁਣ ਤੱਕ ਕੁਲ 302 ਗਰਾਮ ਪੰਚਾਇਤਾਂ ਦੇ ਆਮ ਇਜਲਾਸ ਕਰਵਾਏ ਗਏ ਹਨ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਈਸ਼ਾ ਸਿੰਘਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਦੀਆਂ ਸਮੂਹ ਗਰਾਮ ਪੰਚਾਇਤਾਂ ਵਿੱਚ ਆਮ ਇਜਲਾਸ ਸਫ਼ਲਤਾ ਪੂਰਵਕ ਕਰਵਾਏ ਜਾ ਰਹੇ ਹਨ। ਏ.ਡੀ.ਸੀ. ਨੇ ਦੱਸਿਆ ਕਿ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੁਖਚੈਨ ਸਿੰਘ ਪਪੜਾ ਸਮੇਤ ਸਾਰੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਇਨ੍ਹਾਂ ਆਮ ਇਜਲਾਸਾਂ ਦੀ ਸਮੁਚੀ ਨਿਗਰਾਨੀ ਕਰ ਰਹੇ ਹਨ। ਇਸ ਤਹਿਤ ਬਲਾਕ ਭੁਨਰਹੇੜੀ ਦੀਆਂ 73, ਬਲਾਕ ਪਟਿਆਲਾ ਦੀਆਂ 34, ਬਲਾਕ ਰਾਜਪੁਰਾ ਦੀਆਂ 40, ਬਲਾਕ ਸ਼ੰਭੂ ਕਲਾਂ ਦੀਆਂ 21, ਬਲਾਕ ਘਨੌਰ ਦੀਆਂ 25, ਬਲਾਕ ਪਾਤੜਾਂ ਦੀਆਂ 23, ਬਲਾਕ ਸਮਾਣਾ ਦੀਆਂ 13, ਬਲਾਕ ਪਟਿਆਲਾ ਦਿਹਾਤੀ ਦੀਆਂ 12, ਬਲਾਕ ਨਾਭਾ ਦੀਆਂ 42, ਬਲਾਕ ਸਨੌਰ ਦੀਆਂ 19 ਗ੍ਰਾਮ ਪੰਚਾਇਤਾਂ ਤੇ ਆਮ ਇਜਲਾਸ ਹੋਏ ਹਨ, ਜਿਸ ਵਿੱਚ ਵੱਧ ਤੋਂ ਵੱਧ ਪਿੰਡ ਵਾਸੀਆਂ ਦੀ ਸਮੂਲੀਅਤ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਪਿੰਡ ਵਾਸੀ ਵੀ ਆਪਣੀ ਭਰਵੀਂ ਸ਼ਮੂਲੀਅਤ ਦਰਜ ਕਰਵਾ ਕੇ ਆਪਣੇ ਪਿੰਡਾਂ ਦੇ ਵਿਕਾਸ ਲਈ ਅਹਿਮ ਫੈਸਲੇ ਲੈ ਰਹੇ ਹਨ, ਇਨ੍ਹਾਂ 'ਚ ਵੱਖ-ਵੱਖ ਵਿਕਾਸ ਕਾਰਜ, ਸਵੱਛ ਤੇ ਹਰੀ-ਭਰੀ ਪੰਚਾਇਤ, ਸਿਹਤਮੰਦ ਪਿੰਡ, ਚੰਗਾ ਸ਼ਾਸ਼ਨ, ਸਮਾਜਿਕ ਤੌਰ 'ਤੇ ਸੁਰੱਖਿਅਤ ਅਤੇ ਪਾਣੀ ਭਰਪੂਰ ਪਿੰਡ, ਮਹਿਲਾਵਾਂ ਦੀ ਸਮੂਲੀਅਤ ਵਾਲਾ ਵਿਕਾਸ ਆਦਿ ਹੋਰ ਕਈ ਅਹਿਮ ਮੁੱਦੇ ਸ਼ਾਮਲ ਹਨ।

# ਮਾਨ ਇਸ ਵਾਰ ਸੰਗਰੂਰ ਹਲਕੇ ਤੋਂ ਵੱਡੀ ਜਿੱਤ ਦਰਜ ਕਰਕੇ ਇਤਿਹਾਸ ਸਿਰਜਣਗੇ : ਕਾਹਨ ਸਿੰਘ ਵਾਲਾ/ਕੱਟੂ

**ਬਰਨਾਲਾ, -ਰੋਜ਼ਾਨਾ ਸਵੇਰਾ-**



ਲੋਕ ਸਭਾ ਹਲਕਾ ਸੰਗਰੂਰ ਦੀ ਜਿਮਨੀ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਬੀਤੇ ਕੱਲ ਇੱਕ ਰੋਡ ਸ਼ੋਅ ਕੱਢਿਆ ਗਿਆ, ਜਿਸ ਵਿੱਚ ਬੱਚੇ ਬੁੱਢੇ ਤੇ ਨੌਜਵਾਨਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਹਜ਼ਾਰਾਂ ਦੀ ਗਿਣਤੀ ਵਿੱਚ ਮੋਟਰਸਾਇਕਲਾਂ, ਕਾਰਾਂ ਦੇ ਕਾਫਲੇ ਬਰਨਾਲਾ ਸ਼ਹਿਰ ਤੋਂ ਹੁੰਦੇ ਹੋਏ ਹੰਡਿਆਇਆ, ਧੌਲਾ, ਮਹਿਤਾ, ਤਪਾ ਢਿੱਲਵਾਂ, ਮੌੜ ਨਾਭਾ, ਬੁਰਜ ਫਤਹਿਗੜ੍ਹ, ਸ਼ਹਿਣਾ ਭਦੌੜ, ਵਿਧਾਤੇ, ਚੁੰਘਾਂ, ਭੋਤਨਾ, ਛੀਨੀਵਾਲ, ਚੰਨਣਵਾਲ ਤੋਂ ਹੁੰਦਾ ਹੋਇਆ ਮਹਿਲ ਕਲਾਂ ਪੁੱਜਾ। ਇਸ ਰੋਡ ਸ਼ੋਅ ਵਿੱਚ ਹੋਏ ਰਿਕਾਰਡਤੋੜ ਇਕੱਠ ਤੋਂ ਪਾਰਟੀ ਦੇ ਉਮਦਵਾਰ ਸਿਮਰਨਜੀਤ ਸਿੰਘ ਮਾਨ ਖੁਸ਼ ਤੇ ਸੰਤੁਸ਼ਟ ਨਜਰ ਆ ਰਹੇ ਸਨ। ਇਸ ਮੌਕੇ ਗੱਲਬਾਤ ਕਰਦਿਆਂ ਮਾਨ ਦੇ ਸਪੈਸ਼ਲ ਸੈਕਟਰੀ ਤੇ ਹਲਕਾ ਮਹਿਲ ਕਲਾਂ ਦੇ ਇੰਚਾਰਜ ਗੁਰਜੰਟ ਸਿੰਘ ਕੱਟੂ, ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਇਸ ਵਾਰ ਸਿਮਰਨਜੀਤ ਸਿੰਘ ਮਾਨ ਭਾਰੀ ਬਹੁਮਤ ਨਾਲ ਸੰਗਰੂਰ ਲੋਕ ਸਭਾ ਹਲਕੇ ਤੋਂ ਜਿੱਤ ਦਰਜ ਕਰਨਗੇ। ਉਨ੍ਹਾਂ ਕਿਹਾ ਕਿ ਇਹ ਜਿੱਤ ਇਸ ਕਰਕੇ ਵੀ ਇਤਿਹਾਸ਼ਿਕ ਹੋਵੇਗਾ ਕਿਉਂਕਿ ਜਿਮਨੀ ਚੋਣ ਬਾਰੇ ਆਮ ਲੋਕਾਂ ਦੀ ਧਾਰਨਾ ਹੁੰਦੀ ਹੈ ਕਿ ਸੱਤਾਧਾਰੀ ਪਾਰਟੀ ਦਾ ਉਮੀਦਵਾਰ ਹੀ ਜਿੱਤ ਪ੍ਰਾਪਤ ਕਰਦਾ ਹੈ। ਪ੍ਰੰਤੂ ਇਸ ਵਾਰ ਅਜਿਹਾ ਨਹੀਂ ਹੋਵੇਗਾ। ਬਲਕਿ ਇਸ ਵਾਰ ਲੋਕ ਇਸ ਧਾਰਨਾ ਨੂੰ ਤੋੜ ਕੇ ਪੰਥ ਦੇ ਹੱਕ ਵਿੱਚ ਭੁਗਤਨ ਦਾ ਇੱਕ ਨਵਾਂ ਇਤਿਹਾਸ ਸਿਰਜਨਗੇ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਸਰਪੰਚ ਬਲਵੰਤ ਸਿੰਘ ਝਲੂਰ, ਕਿਸਾਨ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜੱਸਾ ਸਿੰਘ ਮਾਣਕੀ, ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ (ਅ) ਦੇ ਜਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਖੁੱਡੀ ਆਦਿ ਹਾਜ਼ਰ ਸਨ।

# ਪੰਜਾਬ ਮਹਿਲਾ ਅਗਰਵਾਲ ਸਭਾ ਤੇ ਮਹਿਲਾ ਅਗਰਵਾਲ ਸਭਾ ਵੱਲੋਂ ਗਾਮਨੀ ਸਿੰਗਲਾ ਦਾ ਸਨਮਾਨ

**ਸੁਨਾਮ ਊਧਮ ਸਿੰਘ ਵਾਲਾ -ਰੋਜ਼ਾਨਾ ਸਵੇਰਾ-**



ਪੰਜਾਬ ਮਹਿਲਾ ਅਗਰਵਾਲ ਸਭਾ (ਰਜਿ.) ਤੇ ਮਹਿਲਾ ਅਗਰਵਾਲ ਸਭਾ (ਰਜਿ.) ਸੁਨਾਮ ਵਲੋਂ ਯੂ.ਪੀ.ਐਸ.ਸੀ ਪ੍ਰੀਖਿਆ 'ਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਸੁਨਾਮ ਸ਼ਹਿਰ ਦੀ ਜੰਮਪਲ ਗਾਮਿਨੀ ਸਿੰਗਲਾ ਪੁੱਤਰੀ, ਡਾ. ਅਲੋਕ ਸਿੰਗਲਾ, ਡਾ. ਨੀਰਜ ਸਿੰਗਲਾ ਨੂੰ ਸਥਾਨਕ ਅਣੁਵਰਤ ਬਾਲ ਭਾਰਤੀ ਹਾਈ ਸਕੂਲ ਵਿਖੇ ਸਨਮਾਨਿਤ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਉਨ੍ਹਾਂ ਦੇ ਨਾਲ ਆਏ ਮਾਤਾ ਪਿਤਾ, ਤਾਇਆ ਤਾਈ ਤੇ ਆਸਰਾ ਗਰੁੱਪ ਆਫ ਇੰਸੀਚਿਊਟ ਦੇ ਸ੍ਰੀ ਕੇਸਵ ਮਾਧਵ ਗੋਇਲ ਨੂੰ ਮਹਾਰਾਜਾ ਅਗਰਸੇਨ ਜੀ ਦਾ ਪਟਕੇ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪੰਜਾਬ ਮਹਿਲਾ ਅਗਰਵਾਲ ਸਭਾ ਦੀ ਪ੍ਰਧਾਨ ਰੇਵਾ ਛਾਹੜੀਆ ਨੇ ਗਮਨੀ ਸਿੰਗਲਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯੂ.ਪੀ.ਐੱਸ.ਸੀ. ਦੀ ਪ੍ਰੀਖਿਆ 'ਚ ਪਹਿਲੇ ਤਿੰਨ ਸਥਾਨਾਂ 'ਤੇ ਆਈਆਂ ਭਾਰਤੀ ਔਰਤਾਂ ਨੇ ਦੇਸ ਦੀਆਂ ਔਰਤਾਂ ਨੂੰ ਵੱਡਾ ਸੰਦੇਸ ਦਿੱਤਾ ਹੈ ਕਿ ਸਾਡੇ ਦੇਸ ਦੀਆਂ ਔਰਤਾਂ ਕਿਸੇ ਤੋਂ ਘੱਟ ਨਹੀਂ ਹਨ ਉਨ੍ਹਾਂ ਨੇ ਗਾਮਿਨੀ ਸਿੰਗਲਾ ਨੂੰ ਉਸ ਦੇ ਮਾਤਾ-ਪਿਤਾ ਨੂੰ ਉਸ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਉਸ ਦੀ ਤਰੱਕੀ ਦੀ ਕਾਮਨਾ ਕੀਤੀ।ਅੱਜ ਅਸੀਂ ਆਪਣੇ ਸਹਿਰ ਦੀ ਇਸ ਧੀ ਨੂੰ ਇੱਥੇ ਸਨਮਾਨਿਤ ਕਰਕੇ ਮਾਣ ਮਹਿਸੂਸ ਕਰ ਰਹੇ ਹਾਂ। ਮਹਿਲਾ ਅਗਰਵਾਲ ਸਭਾ (ਰਜਿ) ਸੁਨਾਮ ਦੀ ਪ੍ਰਧਾਨ ਮੰਜੂ ਗਰਗ ਨੇ ਕਿਹਾ ਕਿ ਸਾਡੇ ਸੁਨਾਮ ਸਹਿਰ ਹੋਣਹਾਰ ਧੀ ਦਾਮਿਨੀ ਸਿੰਗਲਾ ਨੇ ਜਿੱਥੇ ਯੂ.ਪੀ.ਐਸ.ਸੀ ਦੀ ਪ੍ਰੀਖਿਆ ਵਿੱਚ ਤੀਜਾ ਰੈਂਕ ਪ੍ਰਾਪਤ ਕਰਕੇ ਸਹਿਰ ਦਾ ਨਾਂ ਰੌਸਨ ਕੀਤਾ ਹੈ, ਉੱਥੇ ਹੀ ਉਸ ਨੇ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਦਾ ਸਿਰ ਵੀ ਮਾਣ ਨਾਲ ਉੱਚਾ ਕੀਤਾ ਹੈ। ਅਜ ਅਸੀਂ ਸਨਮਾਨ ਕਰਕੇ ਅਸੀਂ ਬਹੁਤ ਖੁਸੀ ਅਤੇ ਮਾਣ ਮਹਿਸੂਸ ਕਰ ਰਹੇ ਹਾਂ। ਪ੍ਰੈਸ ਨਾਲ ਗੱਲਬਾਤ ਕਰਦਿਆਂ ਗਾਮਿਨੀ ਸਿੰਗਲਾ ਨੇ ਆਪਣੀ ਇਸ ਕਾਮਯਾਬੀ ਦਾ ਪੂਰਾ ਸਿਹਰਾ ਮਾਤਾ-ਪਿਤਾ, ਦਾਦਾ-ਦਾਦੀ ਅਤੇ ਸਮੁੱਚੇ ਪਰਿਵਾਰ ਨੂੰ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਮਿਲੇ ਸਹਿਯੋਗ ਅਤੇ ਆਸੀਰਵਾਦ ਸਦਕਾ ਅੱਜ ਮੈਂ ਇਸ ਮੁਕਾਮ 'ਤੇ ਪਹੁੰਚੀ ਹਾਂ ਅਤੇ ਇਸ ਰਾਹੀਂ ਮੈਨੂੰ ਦੇਸ਼ ਅਤੇ ਸਮਾਜ ਦੀ ਸੇਵਾ ਕਰਨ ਦਾ ਸੁਭ ਮੌਕਾ ਮਿਲਿਆ ਹੈ . ਜਿਸ ਨੂੰ ਮੈਂ ਪੂਰੀ ਪੂਰੀ ਇਮਾਨਦਾਰੀ, ਲਗਨ ਅਤੇ ਮਿਹਨਤ ਨਾਲ ਪੂਰਾ ਕਰੂੰਗੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿਲਾ ਅਗਰਵਾਲ ਸਭਾ ਦੀ ਪ੍ਰਮੁੱਖ ਮੰਜੂ ਅਗਰਵਾਲ, ਹੈਪੀ ਜੈਨ, ਇੰਦਰਾ ਬਾਂਸਲ, ਨਿਰਮਲਾ ਮਿੱਤਲ, ਰਿਚਾ ਗਰਗ, ਸੁਮਨ ਸਿੰਗਲਾ, ਸੁਨੀਤਾ ਰਾਣੀ, ਪੁਸਪਾ ਮੋਦੀ, ਸੁਰੇਸ ਰਾਣੀ ਸਿੰਗਲਾ, ਕਮਲੇਸ ਬਾਂਸਲ, ਸੀਮਾ ਗਰਗ, ਰੇਣੂ ਸਿੰਗਲਾ, ਸੁਨੀਤਾ ਸਿੰਗਲਾ, ਸਵਰਨਲਤਾ ਗੋਇਲ, ਰੀਤੂ ਰਾਣੀ, ਕਮਲੇਸ ਰਾਣੀ, ਜਸਵੰਤ ਮੋਦੀ, ਮੁਕੇਸ ਗਰਗ, ਵਿਮਲ ਜੈਨ ਆਦਿ ਹਾਜ਼ਰ ਸਨ।


# ਦਫ਼ਤਰ ਨਗਰ ਕੌਂਸਲ, ਰਾਮਪੁਰਾ ਫੂਲ(ਬਠਿੰਡਾ)

## ਇਸ਼ਤਿਹਾਰ

☛ ਸਵੱਛ ਭਾਰਤ ਮਿਸ਼ਨ ਤਹਿਤ ਹਰ ਵਿਅਕਤੀ ਆਪਣੇ ਘਰ/ਦੁਕਾਨਾਂ ਦਾ ਕੂੜਾ ਅਲੱਗ ਅਲੱਗ (ਗਿੱਲਾ, ਸੁੱਕਾ) ਰੇਹੜੀ ਵਾਲਿਆ ਨੂੰ ਪਾਇਆ ਜਾਵੇ। ਅਗਰ ਕੋਈ ਵਿਅਕਤੀ ਕੂੜਾ ਖਾਲੀ ਪਲਾਟ/ਜਗ੍ਹਾਂ ਜਾਂ ਡੰਪ ਉਪਰ ਸੁੱਟਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾ ਵੀ ਵਸੂਲਿਆ ਜਾਵੇਗਾ।

☛ ਸਰਕਾਰ ਵੱਲੋਂ ਸਿੰਗਲ ਯੂਜ ਪਲਾਸਟਿਕ ਕੈਰੀਬੈਗ ਤੇ ਪੂਰਤ ਤੌਰ ਤੇ ਪਾਬੰਦੀ ਲਗਾਈ ਗਈ ਹੈ। ਅਗਰ ਕੋਈ ਵਿਅਕਤੀ/ਦੁਕਾਨਦਾਰ ਸਿੰਗਲ ਯੂਜਰ ਪਲਾਸਟਿਕ ਕੈਰੀਬੈਗ ਦੀ ਵਰਤੋਂ ਕਰਦਾ/ਵੇਚਦਾ ਪਾਇਆ ਗਿਆ ਤਾਂ ਉਸਦਾ ਚਲਾਨ ਕੀਤਾ ਜਾਵੇਗੀ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ।

☛ ਆਪਣੀ ਜਗ੍ਹਾਂ/ਦੁਕਾਨ/ਮਕਾਨ ਦਾ ਬਣਦਾ ਪ੍ਰਾਪਰਟੀ ਟੈਕਸ, ਪਾਣੀ ਸੀਵਰੇਜ ਦਾ ਬਿਲ ਤੇ ਦਾਕਾਨਾ ਦਾ ਕਿਰਾਇਆ ਆਦਿ ਨਗਰ ਕੌਂਸਲ ਰਾਮਪੁਰਾ ਫੂਲ ਪਾਸ ਤੁਰੰਤ ਜਮ੍ਹਾ ਕਰਵਾਇਆ ਜਾਵੇ। ਇਸ ਤੋਂ ਇਕੱਠਾ ਪੈਸਾ ਸ਼ਹਿਰ ਦੀ ਭਲਾਈ ਲਈ ਹੀ ਵਰਤਿਆ ਜਾਦਾ ਹੈ।

☛ ਜਿਨ੍ਹਾਂ ਸ਼ਹਿਰ ਨਿਵਾਸੀਆਂ ਵੱਲੋਂ ਪਾਣੀ ਅਤੇ ਸੀਵਰੇਜ ਦੀ ਕੁਨੰਕਸ਼ਨ ਰੈਗੂਲਰ ਨਹੀਂ ਕਰਵਾਏ ਗਏ ਉਹ ਆਪਣੇ ਪਾਣੀ/ਸੀਵਰੇਜ ਦੇ ਕੁਨੰਕਸ਼ਨ ਨਗਰ ਕੌਂਸਲ ਰਾਮਪੁਰਾ ਪਾਸ ਰੈਗੂਲਰ ਕਰਵਾਉਣ।

- ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਰਾਮਪੁਰਾ ਫੂਲ


# ਚਿੱਟ ਫ਼ੰਡ ਕੰਪਨੀ ਕਰਾਊਨ ਦਾ ਭਗੌੜਾ ਐੱਮ.ਡੀ. ਪੁਲਿਸ ਵੱਲੋਂ ਗ੍ਰਿਫ਼ਤਾਰ

**ਬਰਨਾਲਾ, -ਰੋਜ਼ਾਨਾ ਸਵੇਰਾ-**



ਬਰਨਾਲਾ ਪੁਲਿਸ ਨੇ ਚਿੱਟ ਫੰਡ ਕੰਪਨੀ ਕਰਾਉਣ ਦੇ ਭਗੌੜੇ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਲ੍ਹਾ ਪੁਲਿਸ ਬਰਨਾਲਾ ਦੇ ਪੀ ਓ ਸਟਾਫ ਦੇ ਇੰਚ. ਕੁਲਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਮੁੱਦਈ ਦਲਜੀਤ ਸਿੰਘ ਪੁੱਤਰ ਲੇਟ ਗੁਰਦਿਆਲ ਸਿੰਘ ਵਾਸੀ ਤਲਵੰਡੀ (ਭਦੌੜ) ਦੇ ਬਿਆਨਾਂ ਦੇ ਅਧਾਰ ਤੇ ਪੁਲਿਸ ਵੱਲੋਂ ਚਿੱਟ ਫੰਡ ਕੰਪਨੀ ਕਰਾਉਂਣ ਦੇ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਕੋਠੀ ਨੰਬਰ ਚਾਰ ਜੀ ਟੀ ਰੋਡ ਸੰਤ ਵਿਹਾਰ ਜਲੰਧਰ ਖਿਲਾਫ ਭੋਲੇ ਭਾਲੇ ਲੋਕਾਂ ਨਾਲ ਠੱਗੀ ਮਾਰਨ ਦੇ ਦੋਸ਼ ਵਿਚ ਸਤੰਬਰ 2015 ਵਿਚ ਮੁਕੱਦਮਾ ਦਰਜ ਕੀਤਾ ਗਿਆ। ਜਗਜੀਤ ਸਿੰਘ ਅਦਾਲਤ ਦੀ ਸੁਣਵਾਈ ਦੌਰਾਨ ਲਗਾਤਾਰ ਗੈਰਹਾਜਰ ਰਹਿੰਦਾ ਰਿਹਾ ਤੇ ਮਾਨਯੋਗ ਅਦਾਲਤ ਨੇ ਮਈ 2017 'ਚ ਜਗਜੀਤ ਸਿੰਘ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਆਪਣੀ ਪਹਿਚਾਣ ਛੁਪਾ ਕੇ ਪੰਜਾਬ, ਹਰਿਆਣਾ ਅਤੇ ਗੁਜਰਾਤ ਵਿੱਚ ਆਪਣੇ ਦੋਸਤਾਂ ਪਾਸ ਰਹਿੰਦਾ ਰਿਹਾ। ਬੀਤੇ ਦਿਨੀਂ ਜਗਜੀਤ ਸਿੰਘ ਨੂੰ ਗੁਜਰਾਤ ਵਿੱਚੋਂ ਹਰਿਆਣਾ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਬਰਨਾਲਾ ਪੁਲੀਸ ਵੱਲੋਂ ਉਸ ਨੂੰ ਆਪਣੇ ਪ੍ਰੋਡੱਕਸ਼ਨ ਵਰੰਟ ਤੇ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਮਾਨਯੋਗ ਅਦਾਲਤ ਨੇ 2 ਜੁਲਾਈ ਤੱਕ ਜਗਜੀਤ ਸਿੰਘ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਇਸ ਮੌਕੇ ਏ ਐਸ ਆਈ ਰਣ ਸਿੰਘ, ਏ ਐਸ ਆਈ ਨੈਬ ਸਿੰਘ, ਹੌਲਦਾਰ ਹਰਦੀਪ ਸਿੰਘ ਆਦਿ ਹਾਜਰ ਸਨ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਨਾਲ ਠੱਗੀਆਂ ਵੱਜੀਆਂ ਹਨ ਕਿ ਉਨ੍ਹਾਂ ਦਾ ਪੈਸਾ ਵਾਪਸ ਮਿਲੇਗਾ ਕਿ ਨਹੀਂ।

# ਅਗਨੀਪਥ: ਸਿਰਸਾ 'ਚ ਭਾਰਤ ਬੰਦ ਬੇਅਸਰ, ਜਨਜੀਵਨ ਆਮ ਵਾਂਗ



**ਸਿਰਸਾ,**
**-ਰੋਜ਼ਾਨਾ ਸਵੇਰਾ-**
ਅਗਨੀਪਥ ਦੇ ਵਿਰੋਧ 'ਚ ਭਾਰਤ ਬੰਦ ਦੇ ਮੱਦੇਨਜ਼ਰ ਸਿਰਸਾ ਦੇ ਰੇਲਵੇ ਸਟੇਸ਼ਨ ਅਤੇ ਬੱਸ ਅੱਡੇ 'ਤੇ ਸੁਰੱਖਿਆ ਦੇ ਸਖ਼ਤ ਇੰਤਜਾਮ ਕੀਤੇ ਗਏ ਸਨ। ਰੇਲਵੇ ਸਟੇਸ਼ਨ 'ਤੇ ਰੇਲਵੇ ਪੁਲੀਸ ਤੋਂ ਇਲਾਵਾ ਜ਼ਿਲ੍ਹਾ ਪੁਲੀਸ ਨੂੰ ਤਾਇਨਾਤ ਕੀਤਾ ਗਿਆ।

ਹਲਾਂਕਿ ਰੇਲਵੇ ਦੀਆਂ ਗੱਡੀਆਂ ਆਮ ਵਾਂਗ ਚਲੀਆਂ। ਬੰਦ ਦਾ ਕੋਈ ਅਸਰ ਵੇਖਣ ਨੂੰ ਨਹੀਂ ਮਿਲਿਆ। ਇਸ ਦੌਰਾਨ ਰੇਲਵੇ ਪੁਲੀਸ ਦੇ ਇੰਸਪੈਕਟਰ ਊਸ਼ਾ ਨੇ ਦੱਸਿਆ ਕਿ ਬੰਦ ਦੇ ਮੱਦੇਨਜ਼ਰ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਹਨ।

ਕਿਸੇ ਵੀ ਅਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲੀਸ ਪੂਰੀ ਤਰਾਂ ਮੁਸਤੈਦ ਹੈ। ਉਨ੍ਹਾਂ ਨੇ ਦੱਸਿਆ ਕਿ ਰੇਲਵੇ ਪੁਲੀਸ ਤੋਂ ਇਲਾਵਾ ਜ਼ਿਲ੍ਹਾ ਪੁਲੀਸ ਨੂੰ ਵੀ ਸਟੇਸ਼ਨ 'ਤੇ ਤਾਇਨਾਤ ਕੀਤਾ ਗਿਆ ਹੈ।

# ਦਾਦੂਵਾਲ ਤੋਂ ਬਾਗੀ ਹੋ ਕੇ ਨਲਵੀ ਨੇ ਜਥੇਬੰਦੀ ਬਣਾਈ



**ਗੂਹਲਾ ਚੀਕਾ,**
**-ਰੋਜ਼ਾਨਾ ਸਵੇਰਾ-**
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਮੌਜੂਦਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੋਂ ਬਾਗੀ ਹੋ ਕੇ ਨਵੀਂ ਜਥੇਬੰਦੀ ਕਾਇਮ ਕਰ ਲਈ ਹੈ। ਬੀਤੇ ਦਿਨੀਂ ਚੀਕਾ ਵਿੱਚ ਹੋਈ ਇੱਕ ਮੀਟਿੰਗ ਦੌਰਾਨ ਇਸ ਜਥੇਬੰਦੀ ਦਾ ਨਾਂ 'ਹਰਿਆਣਾ ਸਿੱਖ ਸਮਾਜ ਸੰਗਠਨ' ਰੱਖਿਆ ਗਿਆ। ਨਲਵੀ ਨੇ ਦੋਸ਼ ਲਾਇਆ ਕਿ ਦਾਦੂਵਾਲ ਦਾ ਕਾਰਜਕਾਲ ਫਰਵਰੀ 2022 ਵਿੱਚ ਖ਼ਤਮ ਹੋ ਗਿਆ ਸੀ ਪਰ ਉਹ ਗ਼ੈਰਕਾਨੂੰਨੀ ਤੌਰ 'ਤੇ ਹੁਣ ਤੱਕ ਇਸ ਅਹੁਦੇ 'ਤੇ ਬਣੇ ਹੋਏ ਹਨ ਤੇ ਜਨਰਲ ਇਜਲਾਸ ਦੀ ਸਹਿਮਤੀ ਤੋਂ ਬਿਨਾਂ ਕਾਰਜਕਾਰਨੀ ਕਮੇਟੀ ਵੀ ਬਣਾਈ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਰਨੀ ਵਿੱਚੋਂ ਖਾਰਜ ਕੀਤੇ ਜਾਣ ਵਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਕਮੇਟੀ ਪ੍ਰਧਾਨ ਸਣੇ ਕਿਸੇ ਵੀ ਅਹੁਦੇਦਾਰ ਕੋਲ ਉਨ੍ਹਾਂ ਨੂੰ ਕਮੇਟੀ ਵਿੱਚੋਂ ਬਾਹਰ ਕੱਢਣ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਨੂੰ ਨਿਯੁਕਤੀ ਪੱਤਰ ਹਰਿਆਣਾ ਦੇ ਰਾਜਪਾਲ ਨੇ ਦਿੱਤਾ ਸੀ ਤੇ ਉਨ੍ਹਾਂ ਨੂੰ ਹੀ ਕਮੇਟੀ 'ਚੋਂ ਬਾਹਰ ਕੱਢਣ ਦਾ ਵੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਵੀ ਪ੍ਰਾਪਤ ਨਹੀਂ ਹੋਇਆ ਹੈ। ਉਧਰ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਦੀਦਾਰ ਸਿੰਘ ਨਲਵੀ ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਹੀਂ ਰਹੇ। ਉਨ੍ਹਾਂ ਨੂੰ 'ਆਪ' ਵਿੱਚ ਸ਼ਾਮਲ ਹੋਣ ਮਗਰੋਂ ਕਮੇਟੀ 'ਚੋਂ ਕੱਢ ਦਿੱਤਾ ਗਿਆ ਹੈ ਕਿਉਂਕਿ ਇਹ ਕਮੇਟੀ ਦੇ ਐਕਟ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਨਲਵੀ ਨੂੰ ਕਮੇਟੀ ਵਿੱਚ ਕੋਈ ਅਹੁਦਾ ਨਹੀਂ ਦਿੱਤਾ ਗਿਆ, ਇਸ ਲਈ ਉਹ ਸਿੱਖਾਂ ਨੂੰ ਗੁਮਰਾਹ ਕਰ ਰਹੇ ਹਨ।

# ਨਗਰ ਪਰਿਸ਼ਦ ਚੋਣਾਂ: ਸ਼ਾਂਤਮਈ ਢੰਗ ਨਾਲ ਚੋਣ ਅਮਲ ਮੁਕੰਮਲ



**ਜੀਂਦ,**
**-ਰੋਜ਼ਾਨਾ ਸਵੇਰਾ-**
ਜੀਂਦ ਨਗਰ ਪਰਿਸ਼ਦ ਦੇ ਪ੍ਰਧਾਨ ਅਤੇ ਕੌਂਸਲਰਾਂ ਦੀ ਚੋਣ ਲਈ ਮਤਦਾਨ ਪੁਲੀਸ ਦੀ ਸਖ਼ਤ ਨਿਗਰਾਨੀ ਹੇਠ ਸ਼ਾਂਤਮਈ ਢੰਗ ਨਾਲ ਮੁਕੰਮਲ ਹੋਇਆ। ਰਿਟਰਨਿੰਗ ਅਧਿਕਾਰੀ ਅਤੇ ਐਸਡੀਐਮ ਜੀਂਦ ਮੇਜਰ ਗਾਇਤਰੀ ਅਹਿਲਾਵਤ ਅਨੁਸਾਰ ਜੀਂਦ ਸ਼ਹਿਰ ਵਿੱਚ 1,20,205 ਵੋਟਰ ਹਨ ਅਤੇ 31 ਵਾਰਡ ਹਨ। ਇਨ੍ਹਾਂ 31 ਵਾਰਡਾਂ ਵਿੱਚ ਪ੍ਰਧਾਨ ਲਈ 13 ਉਮੀਦਵਾਰ ਅਤੇ ਕੌਂਸਲਰ ਲਈ 125 ਉਮੀਦਵਾਰ ਹਨ। ਮਤਦਾਨ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਇਆ। ਇਸ ਮਗਰੋਂ ਈਵੀਐਮ ਮਸ਼ੀਨਾਂ ਵਿੱਚ ਲਾਕ ਕਰਕੇ ਰੱਖ ਦਿੱਤਾ ਗਿਆ ਹੈ। ਇਸ ਦੌਰਾਨ ਜੀਂਦ ਨਗਰ ਪਰਿਸ਼ਦ ਵਿੱਚ 65.7 ਪ੍ਰਤੀਸ਼ਤ ਮਤਦਾਨ ਹੋਇਆ। ਜਦਕਿ ਨਗਰ ਪਾਲਿਕਾ ਸਫੀਦੋਂ ਵਿੱਚ 76.7 ਪ੍ਰਤੀਸ਼ਤ, ਨਰਵਾਣਾ ਨਗਰ ਪਾਲਿਕਾ ਵਿੱਚ 75.9 ਪ੍ਰਤੀਸ਼ਤ ਅਤੇ ਉਚਾਨਾ ਨਗਰ ਪਾਲਿਕਾ 80.6 ਪ੍ਰਤੀਸ਼ਤ ਮਤਦਾਨ ਹੋਇਆ। ਚੋਣਾਂ ਦਾ ਨਤੀਜਾ 22 ਜੂਨ ਨੂੰ ਆਵੇਗਾ। ਨਗਰ ਪਾਲਿਕਾ ਪਿਹੋਵਾ ਦੀ ਚੋਣ ਲਗਭਗ 69% ਮਤਦਾਨ ਹੋਇਆ ਹੈ। ਪ੍ਰਧਾਨ ਦੇ ਅਹੁਦੇ ਲਈ 4 ਅਤੇ ਕੌਂਸਲਰ ਦੇ ਅਹੁਦੇ ਲਈ ਚੋਣ ਲੜ ਰਹੇ 50 ਉਮੀਦਵਾਰਾਂ ਦੀ ਕਿਸਮਤ ਮਸ਼ੀਨਾਂ ਵਿੱਚ ਬੰਦ ਹੋ ਗਈ ਹੈ। ਸਢੌਰਾ ਨਗਰ ਪਾਲਿਕਾ ਦੇ ਪ੍ਰਧਾਨ ਤੇ ਕੌਂਸਲਰ ਦੇ ਅਹੁਦੇ ਲਈ ਚੋਣਾਂ ਅੱਜ ਸਫਲਤਾਪੂਰਵਕ ਸੰਪੰਨ ਹੋ ਗਈਆਂ। ਰਿਟਰਨਿੰਗ ਅਫ਼ਸਰ ਜਸਪਾਲ ਸਿੰਘ ਗਿੱਲ ਨੇ ਨਗਰ ਪਾਲਿਕਾ ਸਢੌਰਾ ਵਿੱਚ 78.2 ਫੀਸਦੀ ਪੋਲਿੰਗ ਹੋਈ ਹੈ। ਟੋਹਾਣਾ ਜ਼ਿਲ੍ਹੇ ਦੀਆਂ ਚਾਰ ਨਗਰਪਾਲਿਕਾਵਾਂ ਦੀਆਂ ਚੋਣਾਂ ਮਾਮੂਲੀ ਘਟਨਾਵਾਂ ਨੂੰ ਛੱਡ ਕੇ ਚੋਣਾਂ ਸ਼ਾਂਤੀਪੂਰਨ ਸੰਪਨ ਹੋ ਗਈਆਂ। ਟੋਹਾਣਾ ਨਗਰ ਪਰਿਸ਼ਦ ਦੀਆਂ ਕੁੱਲ 47,173 ਵੋਟਾਂ ਵਿੱਚੋਂ 37,053 (78.5 ਪ੍ਰਤੀਸ਼ਤ) ਵੋਟਾਂ ਪੋਲ ਹੋਈਆਂ। ਜਦਕਿ ਨਗਰ ਪਰਿਸ਼ਦ ਫਤਿਹਾਬਾਦ 'ਚ 74.5 ਪ੍ਰਤੀਸ਼ਤ, ਨਗਰ ਪਾਲਿਕਾ ਰਤੀਆ 'ਚ 75.3, ਨਗਰਪਾਲਿਕਾ ਭੂਨਾ 'ਚ 81.6 ਜਦਕਿ ਨਗਰਪਲਿਕਾ ਭੂਨਾ ਵਿੱਚ ਸਭ ਤੋਂ ਵੱਧ 81.6 ਫੀਸਦੀ ਵੋਟਾਂ ਪਈਆਂ।

ਜ਼ਿਲ੍ਹਾ ਕੁਰੂਕਸ਼ੇਤਰ ਦੀਆਂ ਚਾਰ ਨਗਰਪਾਲਿਕਾਵਾਂ ਦੀਆਂ ਚੋਣਾਂ ਵਿਚ 71.6 ਪ੍ਰਤੀਸ਼ਤ ਮਤਦਾਨ ਹੋਇਆ। ਜ਼ਿਲੇ ਦੀਆਂ ਚਾਰ ਨਗਰਪਾਲਿਕਾਵਾਂ ਵਿਚ 93,049 ਵੋਟਾਂ ਵਿਚੋਂ 66,578 ਵੋਟਾਂ ਪਈਆਂ ਤੇ ਮਤਦਾਨ ਦਾ ਅੰਕੜਾ 71.6 ਪ੍ਰਤੀਸ਼ਤ ਰਿਹਾ। ਡਿਪਟੀ ਕਮਿਸ਼ਨਰ ਮੁਕੁਲ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਇਸਮਾਈਲਾਬਾਦ ਨਗਰ ਪਾਲਿਕਾ ਵਿਚ ਸਭ ਤੋਂ ਜਿਆਦਾ 76.6 ਪ੍ਰਤੀਸ਼ਤ ਤੇ ਪਿਹੋਵਾ ਵਿਚ ਸਭ ਤੋਂ ਘਟ 69.1 ਪ੍ਰਤੀਸ਼ਤ ਮਤਦਾਨ ਹੋਇਆ। ਸ਼ਾਹਬਾਦ ਵਿਚ 72.8 ਪ੍ਰਤੀਸ਼ਤ ਤੇ ਲਾਡਵਾ ਵਿਚ 70.7 ਪ੍ਰਤੀਸ਼ਤ ਮਤਦਾਨ ਹੋਇਆ। ਇਸੇ ਦੌਰਾਨ ਸ਼ਾਹਬਾਦ ਵਿਚ ਵਾਰਡ ਨੰਬਰ 9 ਵਿੱਚ ਜਾਅਲੀ ਵੋਟ ਨੂੰ ਲੈ ਕੇ ਥੋੜ੍ਹੀ ਦੇਰ ਵਿਧਾਇਕ ਰਾਮ ਕਰਨ ਕਾਲਾ ਤੇ ਮੁੱਖ ਮੰਤਰੀ ਦੇ ਰਾਜਨੀਤਕ ਸਲਾਹਕਾਰ ਤੇ ਸਾਬਕਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਵਿਚ ਖਿੱਚੋਤਾਣ ਹੋਈ ਪਰ ਪ੍ਰਸ਼ਾਸਨ ਨੇ ਮਸਲਾ ਸੁਲਝਾ ਲਿਆ।

# ਕੌਂਸਲ ਚੋਣਾਂ : ਡੱਬਵਾਲੀ ਵਿੱਚ ਭਾਜਪਾ ਤੇ ਜਜਪਾ ਉਮੀਦਵਾਰਾਂ 'ਚ ਚੱਲੀਆਂ ਕੁਰਸੀਆਂ



**ਡੱਬਵਾਲੀ**
**-ਰੋਜ਼ਾਨਾ ਸਵੇਰਾ-**
ਸ਼ਹਿਰ ਦੇ 21 ਵਾਰਡਾਂ 'ਚ ਦਿਨ ਭਰ ਹਲਕੀ ਤਲਖ਼ਕਲਾਮੀ ਅਤੇ ਵੋਟਾਂ ਦੀ ਕਥਿਤ ਖ਼ਰੀਦੋ-ਫਰੋਖ਼ਤ ਵਿਚਕਾਰ ਨਗਰ ਕੌਂਸਲ ਚੋਣਾਂ ਦੇ ਅਖੀਰਲੇ ਡੇਢ ਘੰਟੇ 'ਚ ਵਾਰਡ ਨੰਬਰ ਪੰਜ 'ਚ ਚੋਣ ਬੂਥ ਦੇ ਬਾਹਰ ਭਾਜਪਾ ਤੇ ਜਜਪਾ ਦੇ ਕਾਰਕੁਨ ਝਗੜ ਪਏ। ਇਸ ਕਾਰਨ ਜਜਪਾ ਉਮੀਦਵਾਰ ਦੇ ਦੋ ਪੁੱਤਰ ਅਤੇ ਭਾਜਪਾ ਪੱਖੀ ਉਮੀਦਵਾਰ ਸਣੇ ਪੰਜ ਜਣੇ ਜ਼ਖ਼ਮੀ ਹੋ ਗਏ। ਝਗੜਾ ਇੱਕ ਅੰਗਹੀਣ ਔਰਤ ਵੋਟਰ ਨੂੰ ਚੋਣ ਬੂਥ ਤਕ ਲਿਜਾਣ ਦੌਰਾਨ ਹੋਇਆ।

ਭਾਜਪਾ ਉਮੀਦਵਾਰ ਕਿਸ਼ੋਰੀ ਲਾਲ ਡਾਬਲਾ ਨੇ ਕਿਹਾ ਕਿ ਔਰਤ ਦੀ ਮਦਦ ਲਈ ਚੋਣ ਬੂਥ 'ਚ ਜਾਣ ਸਮੇਂ ਉਸ 'ਤੇ ਜਜਪਾ ਉਮੀਦਵਾਰ ਅਮਰਨਾਥ ਦੇ ਲੜਕੇ ਅਤੇ ਹੋਰਨਾਂ ਨੇ ਹਮਲਾ ਕਰ ਦਿੱਤਾ। ਬਾਅਦ 'ਚ ਦੋਵੇਂ ਧਿਰਾਂ 'ਚ ਖੁੱਲ੍ਹ ਕੇ ਕੁਰਸੀਆਂ ਚੱਲੀਆਂ। ਜਜਪਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਮਸੀਤਾਂ ਨੇ ਕਿਹਾ ਕਿ ਭਾਜਪਾ ਉਮੀਦਵਾਰ ਕਿਸ਼ੋਰੀ ਲਾਲ ਅਤੇ ਉਸ ਦੇ ਸਮਰਥਕਾਂ ਸੁਰੇਸ਼ ਬਿਸ਼ਨੋਈ ਨੇ ਜਜਪਾ ਉਮੀਦਵਾਰ ਦੇ ਦੋ ਲੜਕਿਆਂ ਅਤੇ ਇੱਕ ਸਮਰਥਕ ਨੂੰ ਜ਼ਖ਼ਮੀ ਕਰ ਦਿੱਤਾ। ਸ੍ਰੀ ਮਸੀਤਾਂ ਨੇ ਵੀ ਇਨੈਲੋ ਅਤੇ ਕਾਂਗਰਸ 'ਤੇ ਵੋਟਾਂ ਖ਼ਰੀਦੋ-ਫਰੋਖ਼ਤ ਦੇ ਦੋਸ਼ ਲਗਾਏ। ਅੱਜ ਸ਼ਹਿਰ 'ਚ ਪੰਜ ਵਾਰਡ ਦੀ ਘਟਨਾ ਤੋਂ ਇਲਾਵਾ ਚੋਣ ਮਾਹੌਲ ਲਗਪਗ ਸ਼ਾਂਤਮਈ ਰਿਹਾ। ਸ਼ਹਿਰ ਭਰ 'ਚ ਵੋਟਾਂ ਦੀ ਖ਼ਰੀਦੋ-ਫਰੋਖ਼ਤ ਦੀਆਂ ਰਿਪੋਰਟਾਂ ਹਨ। ਇਸ ਸਬੰਧੀ ਵੀਡੀਓ ਵੀ ਵਾਇਰਲ ਹੋਈ। ਇਨੈਲੋ ਦੀ ਮਹਿਲਾ ਆਗੂ ਸੁਨੈਣਾ ਚੌਟਾਲਾ ਨੇ ਭਾਜਪਾ ਗੱਠਜੋੜ 'ਤੇ ਵੋਟਾਂ ਦੀ ਖ਼ਰੀਦੋ-ਫਰੋਖ਼ਤ ਦੇ ਦੋਸ਼ ਲਗਾਏ ਹਨ। ਵਿਨੋਦ ਬਾਂਸਲ ਨੇ ਵੀ ਅਜਿਹੇ ਦੋਸ਼ ਲਾਏ ਹਨ। ਡੀਐੱਸਪੀ ਕੁਲਦੀਪ ਬੈਣੀਵਾਲ ਨੇ ਕਿਹਾ ਕਿ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਨਿਰਪੱਖ ਰਹੀ ਹੈ। ਝਗੜੇ ਦੀ ਪੜਤਾਲ ਕੀਤੀ ਜਾ ਰਹੀ ਹੈ। ਇੱਥੇ ਚੋਣਾਂ ਸ਼ਾਤੀਪੂਰਨ ਢੰਗ ਨਾਲ ਸਮਾਪਤ ਹੋ ਗਈਆਂ। ਕਰੀਬ 8 ਵਜੇ ਤਕ ਬਹੁਤੇ ਪੋਲਿੰਗ ਬੂਥਾਂ 'ਤੇ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਸਨ। ਵੋਟਾਂ ਲਈ ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਦੀ ਗਿਣਤੀ ਵੀ ਕਾਫ਼ੀ ਚੰਗੀ ਰਹੀ। ਡੀਐੱਸਪੀ ਵਰਿੰਦਰ ਕੁਮਾਰ ਅਤੇ ਥਾਣਾ ਮੁਖੀ ਸੁਧੀਰ ਕੁਮਾਰ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ। ਸ਼ਾਮ 6 ਵਜੇ ਤੱਕ ਕਸਬਾ ਰਾਣੀਆਂ ਵਿੱਚ ਸਭ ਤੋਂ ਜ਼ਿਆਦਾ ਵੋਟਿੰਗ ਹੋਈ ਜਿੱਥੇ ਕੁੱਲ 81.8 ਫ਼ੀਸਦੀ ਵੋਟਾਂ ਪਈਆ। ਏਲਨਾਬਾਦ ਵਿੱਚ 73.1 ਫ਼ੀਸਦੀ ਵੋਟਿੰਗ ਹੋਈ। ਸ਼ਹਿਰ ਦੇ ਵਾਰਡ ਨੰਬਰ 9, 12 ਅਤੇ 14 ਵਿੱਚ ਪਹਿਲਾਂ ਹੀ ਸਰਬਸੰਮਤੀ ਨਾਲ ਨਗਰ ਕੌਂਸਲਰ ਚੁਣੇ ਜਾ ਚੁੱਕੇ ਹਨ। ਵੋਟਾਂ ਦੀ ਗਿਣਤੀ 22 ਜੂਨ ਨੂੰ ਹੋਵੇਗੀ।

# ਲੜਕੀਆਂ ਨੇ ਫੈਸ਼ਨ ਜਗਤ 'ਚ ਮਿਸਾਲ ਕਾਇਮ ਕੀਤੀ: ਪਦਮਨੀ



**ਯਮੁਨਾ ਨਗਰ,**
**-ਰੋਜ਼ਾਨਾ ਸਵੇਰਾ-**
ਡੀਏਵੀ ਗਰਲਜ਼ ਕਾਲਜ ਵਿੱਚ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਪਨਾਸ਼-10 ਫੈਸ਼ਨ ਸ਼ੋਅ ਕਰਵਾਇਆ ਗਿਆ। ਸ਼ੋਅ ਵਿੱਚ ਪ੍ਰਸਿੱਧ ਅਭਿਨੇਤਰੀ ਪਦਮਨੀ ਕੋਹਲਾਪੁਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਕਿਹਾ ਕਿ ਲੜਕੀਆਂ ਨੇ ਫੈਸ਼ਨ ਜਗਤ 'ਚ ਮਹਿਲਾ ਸ਼ਕਤੀਕਰਨ ਦੀ ਮਿਸਾਲ ਕਾਇਮ ਕੀਤੀ ਹੈ। ਫੈਸ਼ਨ ਸ਼ੋਅ ਵਿੱਚ ਮਾਡਲਾਂ (ਲੜਕੀਆਂ) ਨੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਡਿਜ਼ਾਇਨ ਕੀਤੇ ਕੱਪੜੇ ਪਾ ਕੇ ਰੈਂਪ 'ਤੇ ਕੈਟਵਾਕ ਕੀਤੀ। ਸ਼ੋਅ ਦੌਰਾਨ ਵਿੱਚ ਲਗਭਗ 150 ਵਿਦਿਆਰਥਣਾਂ ਨੇ ਭਾਗ ਲਿਆ। ਸ਼ੋਅ ਸਟਾਪਰ ਦਾ ਖਿਤਾਬ ਬੀਐਸਸੀ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀ ਸ਼ਗੁਨ ਸ਼ਰਮਾ ਨੇ ਪ੍ਰਾਪਤ ਕੀਤਾ। ਜੇਤੂ ਪ੍ਰਤੀਯੋਗੀਆਂ ਦਾ ਸਨਮਾਨ ਕਰਨ ਮਗਰੋਂ ਪਦਮਨੀ ਕੋਹਲਾਪੁਰੀ ਨੇ ਕਿਹਾ ਕਾਲਜ ਵੱਲੋਂ ਕਰਵਾਇਆ ਇਹ ਫੈਸ਼ਨ ਸ਼ੋਅ ਕਿਸੇ ਵੀ ਵੱਡੇ ਸ਼ਹਿਰ ਦੇ ਫੈਸ਼ਨ ਨਾਲੋਂ ਘੱਟ ਨਹੀਂ ਹੈ।

ਜਿਸ ਤਰ੍ਹਾਂ ਲੜਕੀਆਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਇਸ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ, ਉਹ ਮਹਿਲਾ ਸ਼ਕਤੀਕਰਨ ਨੂੰ ਦਰਸਾਉਂਦਾਹੈ। ਉਨ੍ਹਾਂ ਨੇ ਕਿਹਾ ਕਿ ਟਰਾਂਸਜੈਂਡਰਾਂ ਦੇ ਪ੍ਰਤੀ ਹੁਣ ਲੋਕਾਂ ਦਾ ਰਵੱਈਆ ਬਦਲ ਰਿਹਾ ਹੈ ਅਤੇ ਲੋਕ ਉਨ੍ਹਾਂ ਨੂੰ ਬਹੁਤ ਸਤਿਕਾਰ ਅਤੇ ਪਿਆਰ ਦਿੰਦੇ ਹਨ। ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀ ਪ੍ਰੋਫੈਸਰ ਡੌਲੀ ਲਾਂਬਾ ਨੇ ਦੱਸਿਆ ਕਿ ਕੁਮਾਰੀ ਜਾਹਨਵੀ ਮਹਾਨਾ ਨੂੰ ਕਾਲਅਰਨੀਆ ਰਾਊਂਡ ਵਿੱਚ ਸਰਵੋਤਮ ਡਿਜ਼ਾਈਨਰ ਅਤੇ ਪ੍ਰਿਯੰਕਾ ਚੁੱਘ ਨੂੰ ਸਰਵੋਤਮ ਮਾਡਲ ਨਾਲ ਸਨਮਾਨਿਤ ਕੀਤਾ ਗਿਆ।

# ਪੱਤਰਕਾਰਾਂ ਲਈ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ




**ਯਮੂਨਾ ਨਗਰ,**
**-ਰੋਜ਼ਾਨਾ ਸਵੇਰਾ-**
ਇੱਥੇ ਮੀਡੀਆ ਵੈੱਲਬੀਇੰਗ ਐਸੋਸੀਏਸ਼ਨ ਵੱਲੋਂ ਇੱਥੇ ਇੱਕ ਰਿਜ਼ਾਰਟ ਵਿੱਚ ਸਮਾਜ ਵਿੱਚ ਵੱਧ ਰਹੇ ਨਸ਼ੇ, ਪੁਲੀਸ, ਸਰਕਾਰ ਅਤੇ ਪੱਤਰਕਾਰਾਂ ਲਈ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਦਾ ਉਦਘਾਟਨ ਹਰਿਆਣਾ ਦੇ ਸਿੱਖਿਆ ਮੰਤਰੀ ਕੰਵਰ ਪਾਲ ਗੁਰਜਰ ਨੇ ਕੀਤਾ ਜਦਕਿ ਪ੍ਰਧਾਨਗੀ ਏਡੀਜੀਪੀ ਹਰਿਆਣਾ ਰਾਜ ਨਾਰਕੋਟਿਕਸ ਬਿਊਰੋ ਸ਼੍ਰੀਕਾਂਤ ਜਾਧਵ ਨੇ ਕੀਤੀ। ਸਿੱਖਿਆ ਮੰਤਰੀ ਕੰਵਰਪਾਲ ਗੁਜਰ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ ਪੱਤਰਕਾਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰ ਸਮਾਜ ਅਤੇ ਦੇਸ਼ ਲਈ ਚੰਗਾ ਕੰਮ ਕਰ ਰਹੇ ਹਨ। ਹਰਿਆਣਾ ਸਰਕਾਰ ਨੇ ਪੱਤਰਕਾਰਾਂ ਨੂੰ ਸਹੂਲਤਾਂ ਦਿੱਤੀਆਂ ਹਨ ਅਤੇ ਹੋਰ ਸਹੂਲਤਾਂ ਦੇਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਅੰਬਾਲਾ ਰੇਂਜ ਦੇ ਏਡੀਜੀਪੀ ਹਰਿਆਣਾ ਰਾਜ ਨਾਰਕੋਟਿਕਸ ਬਿਊਰੋ ਸ਼੍ਰੀਕਾਂਤ ਜਾਧਵ ਨੇ ਨਸ਼ਿਆਂ ਦੇ ਖ਼ਿਲਾਫ਼ ਇੱਕ ਜਨ ਅੰਦੋਲਨ ਸ਼ੁਰੂ ਕਰਨ ਦੀ ਲੋੜ ਹੈ ਤੇ ਅੰਦੋਲਨ ਵਿੱਚ ਪੱਤਰਕਾਰ ਵੱਡੀ ਭੂਮਿਕਾ ਨਿਭਾਅ ਸਕਦੇ ਹਨ।

# ਹਰਿਆਣਾ: ਨਗਰ ਕੌਂਸਲਾਂ ਤੇ ਪੰਚਾਇਤਾਂ ਲਈ 70 ਫ਼ੀਸਦ ਤੋਂ ਵੱਧ ਵੋਟਿੰਗ




**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**
ਹਰਿਆਣਾ ਵਿੱਚ 18 ਨਗਰ ਕੌਂਸਲਾਂ ਤੇ 28 ਨਗਰ ਪੰਚਾਇਤਾਂ ਦੀ ਚੋਣ ਲਈ ਵੋਟਿੰਗ ਅਮਲ ਅੱਜ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਗਿਆ। ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਤੇ ਸ਼ਾਮ 7 ਵਜੇ ਤੱਕ ਮੁਕੰਮਲ ਹੋਈ। ਦੇਰ ਸ਼ਾਮ ਤੱਕ ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਲਈ ਕੁੱਲ 70.4 ਫ਼ੀਸਦ ਵੋਟਾਂ ਪਈਆਂ ਸਨ। ਰਿਵਾੜੀ 'ਚ ਸਭ ਤੋਂ ਵੱਧ 84.6 ਫ਼ੀਸਦ ਅਤੇ ਝੱਜਰ 'ਚ ਸਭ ਤੋਂ ਘੱਟ 61.7 ਫ਼ੀਸਦ ਵੋਟਿੰਗ ਹੋਈ ਹੈ। ਚੋਣ ਅਮਲ ਪੂਰਾ ਹੋਣ ਦੇ ਨਾਲ ਹੀ 840 ਵਾਰਡਾਂ ਤੋਂ ਭਾਜਪਾ-ਜੇਜੇਪੀ ਗੱਠਜੋੜ, ਆਮ ਆਦਮੀ ਪਾਰਟੀ ਅਤੇ ਆਜ਼ਾਦ ਤੌਰ 'ਤੇ ਚੋਣ ਮੈਦਾਨ ਵਿੱਚ ਨਿੱਤਰੇ 3098 ਉਮੀਦਵਾਰਾਂ ਦੇ ਭਵਿੱਖ ਦਾ ਫ਼ੈਸਲਾ ਈਵੀਐਮ 'ਚ ਬੰਦ ਹੋ ਗਿਆ ਹੈ। ਨਤੀਜੇ 22 ਜੂਨ ਨੂੰ ਐਲਾਨੇ ਜਾਣਗੇ। ਵੱਡੀ ਗਿਣਤੀ ਵਿੱਚ ਵੋਟਰ ਸਵੇਰ ਤੋਂ ਹੀ ਲਾਈਨਾਂ ਵਿੱਚ ਖੜ੍ਹੇ ਹੋ ਗਏ ਸਨ। ਕਈ ਥਾਵਾਂ 'ਤੇ ਮੀਂਹ ਪੈਣ ਦੇ ਬਾਵਜੂਦ ਵੀ ਵੋਟਰਾਂ ਦਾ ਉਤਸ਼ਾਹ ਘੱਟ ਨਹੀਂ ਹੋਇਆ। ਇਸੇ ਦੌਰਾਨ ਕਈ ਬੂਥਾਂ 'ਤੇ ਈਵੀਐੱਮ ਮਸ਼ੀਨਾਂ ਵਿੱਚ ਦਿੱਕਤ ਆਉਣ ਕਰਕੇ ਵੋਟਿੰਗ ਕੁਝ ਸਮਾਂ ਦੇਰੀ ਨਾਲ ਸ਼ੁਰੂ ਹੋਈ। ਕੈਥਲ ਤੋਂ ਅੰਬਾਲਾ ਦੇ ਨਰਾਇਣਗੜ੍ਹ ਵਿੱਚ ਚੋਣ ਡਿਊਟੀ 'ਤੇ ਜਾ ਰਹੀ ਇਕ ਮਹਿਲਾ ਏਐੱਸਆਈ ਦੀ ਸੜਕ ਹਾਦਸੇ ਵਿਚ ਅੱਜ ਮੌਤ ਵੀ ਹੋ ਗਈ। ਵੇਰਵਿਆਂ ਮੁਤਾਬਕ ਫਤਿਆਬਾਦ ਵਿੱਚ ਦੋ ਆਜ਼ਾਦ ਉਮੀਦਵਾਰ ਆਪਸ ਵਿੱਚ ਭਿੜ ਗਏ। ਰੋਹਤਕ ਦੇ ਮਹਿਮ ਵਿੱਚ ਫਰਜ਼ੀ ਵੋਟ ਪਾਉਣ ਆਇਆ ਇਕ ਨੌਜਵਾਨ ਕਾਬੂ ਕੀਤਾ ਗਿਆ ਹੈ, ਜਿਸ ਨੂੰ ਪੁਲੀਸ ਨੇ ਹਿਰਾਸਤ 'ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਾਣੀਪਤ ਦੇ ਸਮਾਲਖਾ ਵਿੱਚ ਅਤਿ-ਸੰਵੇਦਨਸ਼ੀਲ ਬੂਥ 'ਤੇ ਦੋ ਨੌਜਵਾਨ ਹਥਿਆਰ ਸਣੇ ਪਹੁੰਚ ਗਏ ਹਨ, ਜਿਨ੍ਹਾਂ ਨੂੰ ਪੁਲੀਸ ਨੇ ਕਾਬੂ ਕਰ ਲਿਆ। ਇਸੇ ਤਰ੍ਹਾਂ ਸੋਨੀਪਤ, ਫਤਿਆਬਾਦ, ਹਿਸਾਰ, ਰਿਵਾੜੀ ਅਤੇ ਹੋਰਨਾਂ ਥਾਵਾਂ 'ਤੇ ਵੀ ਮਾਮੂਲੀ ਝੜਪਾਂ ਦੀਆਂ ਘਟਨਾਵਾਂ ਵਾਪਰੀਆਂ ਹਨ। ਦੱਸਣਯੋਗ ਹੈ ਕਿ 18 ਨਗਰ ਕੌਂਸਲਾਂ ਲਈ 456 ਵਾਰਡਾਂ ਵਿੱਚੋਂ 15 ਵਾਰਡਾਂ ਦੀ ਚੋਣ ਸਰਬਸੰਮਤੀ ਨਾਲ ਹੋ ਚੁੱਕੀ ਹੈ। ਚੋਣ ਕਮਿਸ਼ਨ ਵੱਲੋਂ ਸੂਬੇ ਵਿੱਚ 19 ਜੂਨ ਤੋਂ ਲੈ ਕੇ 22 ਜੂਨ ਤੱਕ ਠੇਕੇ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਪਾਣੀਪਤ ਦੇ ਸਮਾਲਖਾ ਵਿੱਚ ਆਮ ਆਦਮੀ ਪਾਰਟੀ (ਆਪ) ਵੱਲੋਂ ਚੇਅਰਮੈਨ ਦੇ ਅਹੁਦੇ ਲਈ ਉਮੀਦਵਾਰ ਭਰਤ ਸਿੰਘ ਛੋਕਰ ਨੇ ਆਜ਼ਾਦ ਉਮੀਦਵਾਰ ਸੰਜੇ ਬੈਨੀਵਾਲ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ (ਆਪ) ਦੇ ਜਨਰਲ ਸਕੱਤਰ ਪ੍ਰਵੀਨ ਪ੍ਰਭਾਕਰ ਗੌੜ ਨੇ ਛੋਕਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ 'ਤੇ ਪਾਰਟੀ ਵਿੱਚੋਂ ਬਾਹਰ ਕੱਢ ਦਿੱਤਾ ਹੈ।

# ਅਫ਼ਗਾਨਿਸਤਾਨ'ਚ ਸਿੱਖਾਂ ਦੀ ਜਾਨ-ਮਾਲ ਦੀ ਤੁਰੰਤ ਸੁਰੱਖਿਆ ਕੀਤੀ ਜਾਵੇ-ਜਥੇਦਾਰ ਬਘੌਰਾ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**
ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਕਿਸਾਨ ਯੂਨੀਅਨ ਲੱਖੋਵਾਲ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਇਤਿਹਾਸਕ ਗੁਰਦੁਆਰੇ'ਚ ਹੋਈ ਘਟਨਾ ਦੀ ਸਖ਼ਤ ਸ਼ਬਦਾਂ'ਚ ਨਿਖੇਧੀ ਕੀਤੀ ਹੈ ਅਤੇ ਨਾਲ ਹੀ ਸੰਯੁਕਤ ਰਾਸ਼ਟਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਅਸਰ-ਰਸੂਖ ਵਰਤਦਿਆਂ ਅਫ਼ਗਾਨਿਸਤਾਨ'ਚ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਕਾਬੁਲ ਵਿਖੇ ਸਿੱਖ ਭਾਈਚਾਰੇ ਨਾਲ ਜ਼ੁਲਮ ਹੋ ਰਿਹਾ ਹੈ ਅਤੇ ਇਸ ਘਟਨਾ ਪ੍ਰਤੀ ਵਿਸ਼ਵ ਭਰ ਦੇ ਸਿੱਖਾਂ'ਚ ਰੋਸ ਤੇ ਚਿੰਤਾ ਹੋ ਰਹੀ ਹੈ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਸਿੱਖ ਲੀਡਰਸ਼ਿਪ ਨੂੰ ਇਸ ਮਾਮਲੇ ਪ੍ਰਤੀ ਧਿਆਨ ਦੇਣ ਦੀ ਜ਼ਰੂਰਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਅਮਨ ਪਸੰਦ ਕੌਮ ਹੈ ਅਤੇ ਹਮੇਸ਼ਾ ਸਰਬੱਤ ਦੇ ਭਲੇ ਲਈ ਸੋਚਦੀ ਹੈ ਅਤੇ ਸੇਵਾ ਭਾਵਨਾ'ਚ ਵੀ ਕੋਈ ਕਸਰ ਨਹੀਂ ਛੱਡਦੀ।

ਉਨ੍ਹਾਂ ਭਰਵੀਂ ਅਪੀਲ ਕੀਤੀ ਹੈ ਕਿ ਅਫ਼ਗਾਨਿਸਤਾਨ'ਚ ਸਿੱਖਾਂ ਦੀ ਸੁਰੱਖਿਆ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ।

# ਸਰਬੱਤ ਦਾ ਭਲਾ ਮੰਗਣ ਵਾਲੇ ਸਿੱਖਾਂ ਦੇ ਗੁਰਧਾਮਾਂ 'ਤੇ ਅੱਤਵਾਦੀ ਹਮਲਾ ਬੇਹੱਦ ਦੁਖਦਾਇਕ-ਗਲੋਬਲ ਸਿੱਖ ਕੌਂਸਲ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**
ਕੌਮਾਂਤਰੀ ਪੱਧਰ ਦੀ ਸੰਸਥਾ ਗਲੋਬਲ ਸਿੱਖ ਕੌਂਸਲ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਇਕ ਗੁਰਦੁਆਰਾ ਸਾਹਿਬ'ਤੇ ਹੋਏ ਹਮਲੇ ਦੀ ਸਖਤ ਨਿੰਦਾ ਕਰਦਿਆਂ ਨੂੰ ਇਸ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ ਹੈ। ਗਲੋਬਲ ਸਿੱਖ ਕੌਂਸਲ ਦੇ ਮੁਖੀ ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਅਫਗਾਨਿਸਤਾਨ'ਚ ਘੱਟਗਿਣਤੀਆਂ ਖਾਸਕਰ ਸਿੱਖਾਂ ਨੂੰ ਨਿਸ਼ਾਨਾਂ ਬਣਾਏ ਜਾਣ ਦੀ ਘਟਨਾਵਾਂ ਬਹੁਤ ਦੁਖਦਾਇਕ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਅਫ਼ਗਾਨਿਸਤਾਨ ਦੀ ਸਰਕਾਰ ਨਾਲ ਸੰਪਰਕ ਸਥਾਪਤ ਕਰਕੇ ਉੱਥੋਂ ਦੇ ਸਿੱਖਾਂ ਨੂੰ ਸੁਰੱਖਿਅਤ ਕੱਢਣ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਸੰਸਥਾ ਦੇ ਭਾਰਤ ਤੋਂ ਨੁਮਾਇੰਦੇ ਰਾਮ ਸਿੰਘ ਰਾਠੌਰ ਨੇ ਅਫ਼ਗਾਨਿਸਤਾਨ'ਚ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਲੋੜੀਂਦੇ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਉਕਤ ਦੋਵਾਂ ਅਹੁਦੇਦਾਰਾਂ ਨੇ ਕਿਹਾ ਕਿ ਗੁਰਦੁਆਰਾ ਸਾਹਿਬ'ਤੇ ਹਮਲਾ ਕਰਨ ਵਾਲੇ ਅਸਲ'ਚ ਮਨੁੱਖਤਾ ਦੇ ਵਿਰੋਧੀ ਹਨ, ਕਿਉਂਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਮਨੁੱਖਤਾ ਦੀ ਭਲਾਈ ਦੀ ਗੱਲ ਕੀਤੀ ਗਈ ਹੈ, ਇਸ ਉਪਦੇਸ਼ਾਂ'ਤੇ ਪਹਿਰਾਂ ਦਿੰਦੇ ਹੋਏ ਸਿੱਖ ਤਾਂ ਪੂਰੇ ਸੰਸਾਰ'ਚ ਰੋਜ਼ਾਨਾਂ ਦੀ ਅਰਦਾਸ'ਚ ਸਰਬੱਤ ਦਾ ਭਲਾ ਮੰਗਦੇ ਹਨ। ਉਨ੍ਹਾਂ ਭਾਰਤ ਸਰਕਾਰ ਤੇ ਅਫਗਾਨ ਸਰਕਾਰ ਦੋਵਾਂ ਨੂੰ ਅਪੀਲ ਕੀਤੀ ਹੈ ਕਿ ਹਮਲੇ ਦੇ ਪਿੱਛੇ ਦੀ ਸਾਜਿਸ਼ ਦੀ ਜਾਂਚ ਕਰਵਾਈ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਮੁੜ ਅਜਿਹੀ ਘਟਨਾ ਨਾ ਵਾਪਰੇ।

# ਜਾਇਦਾਦ ਕਰ 30 ਜੂਨ ਤੱਕ ਜਮ੍ਹਾਂ ਕਰਾਉਣ 'ਤੇ ਮਿਲ ਰਹੀ ਹੈ 15% ਦੀ ਛੋਟ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**
ਦਿੱਲੀ ਨਗਰ ਨਿਗਮ ਦੇ ਜਾਇਦਾਦ ਵਿਭਾਗ ਨੇ ਆਪਣੇ ਸਾਰੇ ਜ਼ੋਨਾਂ'ਚ ਆਮ ਲੋਕਾਂ ਦੀ ਸਹੂਲਤ ਲਈ ਹੈਲਪ ਡੈੱਸਕ ਅਤੇ ਕਰ ਇਕੱਠਾ ਕਰਨ ਪ੍ਰਤੀ ਇਕ ਕਾਊਂਟਰ ਖੋਲ੍ਹ ਦਿੱਤਾ ਹੈ, ਜੋ ਕਿ 30 ਜੂਨ ਤੱਕ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹਾ ਰਹੇਗਾ।

ਇਸ ਤੋਂ ਇਲਾਵਾ ਇਹ ਕਾਊਂਟਰ ਸਨਿਚਰਵਾਰ ਤੇ ਐਤਵਾਰ ਨੂੰ ਵੀ ਖੁੱਲ੍ਹਾ ਰਹੇਗਾ, ਜੋ ਲੋਕ ਆਪਣਾ ਸੰਪਤੀ ਕਰ 30 ਜੂਨ ਤੱਕ ਜਮ੍ਹਾਂ ਕਰਵਾ ਦਿੰਦੇ ਹਨ ਉਨ੍ਹਾਂ ਨੂੰ 15 ਫ਼ੀਸਦੀ ਛੋਟ ਵੀ ਦਿੱਤੀ ਜਾ ਰਹੀ ਹੈ।

ਹਾਲਾਂਕਿ ਜ਼ਿਆਦਾ ਕਰਕੇ ਲੋਕ ਸੁਚੇਤ ਹਨ, ਪਰ ਫਿਰ ਵੀ ਕੁਝ ਲੋਕ ਅਜਿਹੇ ਹਨ ਕਿ ਉਹ ਜਾਇਦਾਦ ਕਰ ਜਮ੍ਹਾਂ ਕਰਵਾਉਣ'ਚ ਢਿੱਲ ਕਰਦੇ ਹਨ ਅਤੇ ਜਦੋਂ ਸਖ਼ਤਾਈ ਹੁੰਦੀ ਹੈ ਉਹ ਤਦ ਹੀ ਜਾਇਦਾਦ ਕਰ ਜਮ੍ਹਾਂ ਕਰਵਾਉਂਦੇਹਨ।

# ਲੋਕਲ ਬਾਡੀਜ਼ ਦੀਆਂ ਹੋ ਰਹੀਆਂ ਚੋਣਾਂ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਦਾ ਸਿਆਸੀ ਵਜੂਦ ਲੱਗਾ ਦਾਅ 'ਤੇ

**ਕਰਨਾਲ,**
**-ਰੋਜ਼ਾਨਾ ਸਵੇਰਾ-**
ਲੋਕਲ ਬਾਡੀਜ ਦੀਆਂ ਹਰਿਆਣਾ ਵਿਖੇ ਅੱਜ ਹੋ ਰਹੀਆਂ ਵੋਟਾਂ ਦੌਰਾਨ ਕਰਨਾਲ ਜ਼ਿਲ੍ਹੇ ਦੀਆਂ 4 ਨਗਰ ਪਾਲਿਕਾਵਾਂ ਨੂੰ ਲੈ ਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਿਆਸੀ ਵਜੂਦ ਦਾਅ'ਤੇ ਲੱਗਾ ਹੋਇਆ ਹੈ ਕਿਉਂਕਿ ਭਾਜਪਾ ਵਲੋਂ ਮੁੱਖ ਮੰਤਰੀ ਖੱਟਰ ਦੇ ਗ੍ਰਹਿ ਜ਼ਿਲ੍ਹੇ ਹੇਠ ਆਉਂਦੀਆਂ4 ਨਗਰ ਪਾਲਿਕਾਵਾਂ ਅਸੰਧ, ਤਰਾਵੜੀ, ਘਰੌਂਡਾ ਅਤੇ ਨਿਸਿੰਗ ਵਿਚੋਂ ਨਿਸਿੰਗ ਨੂੰ ਛੱਡ ਕੇ ਬਾਕੀ ਤਿੰਨ'ਤੇ ਆਪਣੇ ਚੋਣ ਨਿਸ਼ਾਨ'ਤੇ ਪ੍ਰਧਾਨ ਦੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਹਨ, ਜਦਕਿ ਕਾਂਗਰਸ ਨੇ ਆਪਣੇ ਉਮੀਦਵਾਰ ਪਾਰਟੀ ਚੋਣ ਨਿਸ਼ਾਨ'ਤੇ ਨਹੀਂ ਉਤਾਰੇ ਪਰ ਸਥਾਨਕ ਕਾਂਗਰਸ ਆਗੂਆਂ ਵਲੋਂ ਆਪਣੇ-ਆਪਣੇ ਪੱਧਰ'ਤੇ ਪ੍ਰਧਾਨਗੀ ਦੇ ਕਈ ਉਮੀਦਵਾਰਾਂ ਨੂੰ ਆਪਣਾ ਸਮਰਥਨ ਦਿੱਤਾ ਗਿਆ ਹੈ। ਦੂਜੇ ਪਾਸੇ ਪਹਿਲੀ ਵਾਰ ਹਰਿਆਣਾ ਅੰਦਰ ਲੋਕਲ ਬਾਡੀਜ ਪਾਰਟੀ ਨਿਸ਼ਾਨ'ਤੇ ਚੋਣ ਲੜ ਰਹੀ ਆਮ ਆਦਮੀ ਪਾਰਟੀ ਨੇ ਜ਼ਿਲ੍ਹੇ ਦੀਆਂ ਸਾਰੀਆਂ ਹੀ ਚਾਰੋਂ ਨਗਰ ਪਾਲਿਕਾਵਾਂ ਵਿਚ ਪ੍ਰਧਾਨ ਲਈ ਆਪਣੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਹਨ। ਦੱਸਣਯੋਗ ਹੈ ਕਿ ਨਿਸਿੰਗ ਨਗਰ ਪਾਲਿਕਾ ਤੋਂ ਜਿਥੋਂ ਭਾਜਪਾ ਨੇ ਆਪਣੀ ਪਾਰਟੀ ਦਾ ਪ੍ਰਧਾਨ ਦਾ ਉਮੀਦਵਾਰ ਚੋਣ ਮੈਦਾਨ ਵਿਚ ਨਹੀਂ ਉਤਾਰਿਆ। ਉਥੇ ਆਪ ਨੇ ਆਪਣੀ ਪਾਰਟੀ ਦੇ ਪ੍ਰਧਾਨਗੀ ਦੇ ਉਮੀਦਵਾਰ ਮੇਘਰਾਜ ਪ੍ਰਜਾਪਤੀ ਦੇ ਸਮਰਥਨ ਵਿਚ ਪੂਰੀ ਤਾਕਤ ਝੋਕ ਦਿੱਤੀ ਜਿਸ ਨੂੰ ਆਜ਼ਾਦ ਉਮੀਦਵਾਰ ਰੋਹਿਤ ਸਿੰਗਲਾ ਅਤੇ ਭਗਵੰਤ ਭਾਂਬਾ ਤਕੜੀ ਟੱਕਰ ਦੇ ਰਹੇ ਹਨ। ਅਸੰਧ ਤੋਂ ਭਾਜਪਾ ਦੇ ਕਮਲਜੀਤ ਲਾਡੀ, ਆਪ ਦੀ ਸੋਨੀਆ ਬੋਹਤ, ਆਜ਼ਾਦ ਰਾਜਿੰਦਰ ਰਾਕੀ ਮੱਟੂ ਅਤੇ ਆਜ਼ਾਦ ਸਤੀਸ਼ ਕਟਾਰਿਆ ਦਰਮਿਆਨ ਮੁਕਾਬਲਾ ਦਿਖਾਈ ਦੇ ਰਿਹਾ ਹੈ। ਹਾਲਾਂਕਿ ਭਾਜਪਾ ਵਲੋਂ ਆਪਣੇ ਉਮੀਦਵਾਰਾਂ ਦੇ ਸਮਰਥਨ ਵਿਚ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਪਰ ਸਭ ਤੋਂ ਵੱਧ ਜ਼ੋਰ ਭਾਜਪਾ ਵਲੋਂ ਤਰਾਵੜੀ ਨਗਰ ਪਾਲਿਕਾ ਤੋਂ ਪ੍ਰਧਾਨਗੀ ਦੇ ਭਾਜਪਾ ਉਮੀਦਵਾਰ ਰਾਜੀਵ ਨਾਰੰਗ ਲਈ ਲਗਾਇਆ ਗਿਆ ਜਿਥੇ ਉਸ ਨੂੰ ਆਜ਼ਾਦ ਉਮੀਦਵਾਰ ਵਰਿੰਦਰ ਬੰਸਲ ਸਖਤ ਟੱਕਰ ਦੇ ਰਹੇ ਹਨ ਅਤੇ ਆਪ ਦੇ ਅਰਪਿਤ ਪੋਪਲੀ ਵੀ ਕਿਸਮਤ ਅਜਮਾ ਰਹੇ ਹਨ। ਘਰੌਂਡਾ ਨਗਰ ਪਾਲਿਕਾ ਦੀ ਪ੍ਰਧਾਨਗੀ ਲਈ ਭਾਜਪਾ ਦੇ ਹੈਪੀਲੱਕ ਗੁਪਤਾ, ਆਪ ਦੇ ਸੁਰਿੰਦਰ ਕੁਮਾਰ ਸਿੰਗਲਾ ਅਤੇ ਆਜ਼ਾਦ ਰਾਜ ਕੁਮਾਰ ਰਾਣਾ ਆਪਣੀ ਕਿਸਮਤ ਅਜਮਾ ਰਹੇ ਹਨ। ਹਾਲਾਂਕਿ ਕਰਨਾਲ ਜ਼ਿਲ੍ਹੇ ਹੇਠ ਆਉਂਦੀਆਂਸਾਰੀਆਂ ਹੀ ਨਗਰ ਪਾਲਿਕਾਵਾਂ ਲਈ ਆਪ ਵਲੋਂ ਸਾਰੀਆਂ ਜਗ੍ਹਾਂ'ਤੇ ਹੀ ਪ੍ਰਧਾਨਗੀ ਲਈ ਆਪਣੇ ਉਮੀਦਵਾਰ ਉਤਾਰੇ ਗਏ ਹਨ ਪਰ ਇਸ ਦੇ ਬਾਵਜੂਦ ਇਥੇ ਸਭ ਤੋਂ ਵੱਧ ਭਾਜਪਾ ਅਤੇ ਖਾਸ ਕਰਕੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਿਆਸੀ ਵਜੂਦ ਦਾਅ'ਤੇ ਲੱਗਾ ਹੋਇਆ ਹੈ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਲਈ ਤਿਨੋਂ ਨਗਰ ਪਾਲਿਕਾਵਾਂ'ਤੇ ਕਬਜ਼ਾ ਕਰਨਾ ਇਕ ਤਰ੍ਹਾਂ ਦਾ ਵਕਾਰੀ ਬਣ ਗਿਆ ਹੈ, ਜਦਕਿ ਆਪ ਲਈ ਵੀ ਇਹ ਚੋਣਾਂ ਉਸ ਦੀ ਸਿਆਸੀ ਜ਼ਮੀਨ ਤਲਾਸ਼ ਕਰਨਗੀਆਂ। ਹਾਲਾਕਿ ਅੱਜ ਸ਼ਾਮ ਤੱਕ ਵੋਟਾਂ ਪੈ ਜਾਣਗੀਆਂ ਪਰ ਆਗਾਮੀ 22 ਜੂਨ ਨੂੰ ਹੀ ਵੋਟਾਂ ਦੀ ਗਿਣਤੀ ਹੋਣ ਤੋਂ ਬਾਅਦ ਹੀ ਨਤੀਜੇ ਆਉਣਗੇ ਜੋਕਿ ਭਵਿੱਖ ਦੇ ਗਰਭ ਵਿਚ ਸਮਾਇਆ ਹੋਇਆ ਹੈ ਜਿਸ'ਤੇ ਸਿਆਸੀ ਪੰਡਿਤ ਨਜ਼ਰਾਂ ਲਗਾ ਕੇ ਬੈਠੇ ਹੋਏ ਹਨ।

# ਸਰੋਜਨੀ ਮਾਰਕੀਟ 'ਚ ਲੱਗੇ ਨੇ 'ਨੋ ਮਾਸਕ ਨੋ ਐਂਟਰੀ' ਦੇ ਬੋਰਡ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**
ਦਿੱਲੀ 'ਚ ਵਧ ਰਹੇ ਕੋਰਨਾ ਦੇ ਮਾਮਲਿਆਂ ਨੂੰ ਵੇਖ ਦੇ ਹੋਏ ਸਰੋਜਨੀ ਮਾਰਕੀਟ ਦੀਆਂ ਸਾਰੀਆਂ ਦੁਕਾਨਾਂ'ਚ'ਨੋ ਮਾਸਕ ਨੋ ਐਂਟਰੀ' ਦੇ ਬੋਰਡ ਲਗਾ ਦਿੱਤੇ ਗਏ ਹਨ। ਇਸ ਮਾਰਕੀਟ'ਚ ਆਉਣ ਵਾਲਿਆਂ ਦੀ ਸੁਰੱਖਿਆ ਲਈ ਇਹ ਕਦਮ ਉਠਾਇਆ ਗਿਆ ਹੈ।

ਇਸ ਮਾਰਕੀਟ ਐਸੋਸੀਏਸ਼ਨ ਨਾਲ ਮਿਲ ਕੇ ਐਨ. ਡੀ. ਐਮ. ਸੀ. ਨੇ ਲੋਕਾਂ ਨੂੰ ਬੂਸਟਰ ਡੋਜ਼ ਟਾ ਟੀਕਾ ਲਗਾਉਣ ਦੀ ਵਿਵਸਥਾ ਕੀਤੀ ਹੈ ਅਤੇ ਨਾਲ ਹੀ ਕੋਰੋਨਾ ਦੀ ਜਾਂਚ ਦਾ ਵੀ ਪ੍ਰਬੰਧ ਕੀਤਾ ਹੈ।

ਮਾਰਕੀਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਕੋਰੋਨਾ ਦੀ ਜਾਂਚ ਅਤੇ ਬੂਸਟਰ ਡੋਜ਼ ਦਾ ਟੀਕਾ ਲਗਵਾਉਣ ਲਈ ਮੋਬਾਈਲ ਕਲੀਨਿਕ ਵੈਂਨ ਤਾਇਨਾਤ ਕੀਤੀ ਗਈ ਹੈ ਤਾਂ ਕਿ ਇਸ ਮਾਰਕੀਟ ਦੇ ਦੁਕਾਨਦਾਰ ਵੀ ਟੀਕਾ ਲਗਵਾ ਸਕਣ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਜਾਂਚ'ਤੇ ਟੀਕਾ ਬਿਲਕੁਲ ਮੁਫ਼ਤ ਹੋਵੇਗਾ।

ਇਸ ਮਾਰਕੀਟ ਦੇ ਸਾਰੇ ਗੇਟਾਂ'ਤੇ ਮਾਸਕ ਦੀ ਜਾਂਚ ਪ੍ਰਤੀ ਸਿਵਲ ਡੀਫੈਂਸ ਦੇ ਵਲੰਟੀਅਰ ਲਗਾਏ ਗਏ ਹਨ ਅਤੇ ਨਾਲ ਹੀ ਲਾਊਡਸਪੀਕਰ ਰਾਹੀਂ ਵੀ ਵਾਰ-ਵਾਰ ਅਨਾਊਂਸਮੈਂਟ ਕੀਤੀ ਜਾ ਰਹੀ ਹੈ ਕਿ ਲੋਕ ਮਾਸਕ ਲਗਾਉਣ ਦੇ ਨਾਲ-ਨਾਲ ਜਾਂਚ ਕਰਵਾਉਣ ਦੇ ਨਾਲ ਡੋਜ਼ ਵੀ ਲੈ ਸਕਣ।

# ਟੀ. ਵੀ. ਚੈਨਲਾਂ 'ਤੇ ਧਰਮ ਸੰਬੰਧੀ ਡਿਬੇਟ ਨਹੀਂ ਹੋਣੀ ਚਾਹੀਦੀ-ਅਸ਼ੋਕ ਸੱਭਰਵਾਲ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**
ਜਦੋਂ ਤੋਂ ਟੀ. ਵੀ. ਚੈਨਲਾਂ'ਤੇ ਵੱਖ-ਵੱਖ ਵਿਸ਼ਿਆਂ'ਤੇ ਡਿਬੇਟ ਸ਼ੁਰੂ ਹੋਈ ਹੈ ਉਸ ਸਮੇਂ ਤੋਂ ਹੀ ਹਾਲਾਤ ਵਿਗੜਨੇ ਸ਼ੁਰੂ ਹੋ ਗਏ ਹਨ ਅਤੇ ਖਾਸ ਕਰਕੇ ਧਰਮਾਂ ਪ੍ਰਤੀ ਡਿਬੇਟ ਨੇ ਲੋਕਾਂ'ਚ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਕਲਿਆਣ ਤੇ ਵਿਕਾਸ ਮੰਚ ਨਵੀਂ ਦਿੱਲੀ ਦੇ ਮੁੱਖ ਸਲਾਹਕਾਰ ਅਸ਼ੋਕ ਸੱਭਰਵਾਲ ਨੇ ਕੀਤਾ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਪਹਿਲਾਂ ਕੋਰੋਨਾ ਨੇ ਲੋਕ ਮਾਰ ਦਿੱਤੇ ਹਨ ਅਤੇ ਹੁਣ ਜਾਤ-ਪਾਤ ਅਤੇ ਧਰਮ ਆਦਿ ਦਾ ਬੋਲਬਾਲਾ ਹੋਣ ਨਾਲ ਦੇਸ਼ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਪਹਿਲਾਂ ਸਾਡੇ ਦੇਸ਼'ਚ ਸਾਰੇ ਲੋਕ ਮਿਲ-ਜੁਲ ਕੇ ਭਰਾਵਾਂ ਦੀ ਤਰ੍ਹਾਂ ਰਹਿੰਦੇ ਸਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜੋ ਲੋਕ ਧਰਮ ਦੀ ਆੜ'ਚ ਆਪਣੀਆਂ ਰੋਟੀਆਂ ਸੇਕਦੇ ਹਨ, ਉਨ੍ਹਾਂ ਦੇ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਇਹ ਵੀ ਕਿਹਾ ਕਿ ਇਕ ਪਾਸੇ ਅਸੀਂ ਦੇਸ਼ ਦੀ ਤਰੱਕੀ ਦੇ ਰਾਹ'ਤੇ ਜਾ ਰਹੇ ਹਾਂ ਅਤੇ ਦੂਜੇ ਪਾਸੇ ਇਕ-ਦੂਜੇ ਦੀ ਜਾਨ ਦੇ ਦੁਸ਼ਮਣ ਬਣ ਰਹੇ ਹਾਂ, ਕੀ ਇਸ ਨੂੰ ਤਰੱਕੀ ਕਿਹਾ ਜਾ ਸਕਦਾ ਹੈ। ਉਨ੍ਹਾਂ ਮੰਗ ਕੀਤੀ ਕਿ ਟੀ. ਵੀ. ਚੈਨਲਾਂ'ਤੇ ਧਰਮ ਪ੍ਰਤੀ ਡਿਬੇਟ ਬਿਲਕੁਲ ਬੰਦ ਹੋਣੀ ਚਾਹੀਦੀ ਹੈ।



ਈਐਸਆਈਸੀ ਹਸਪਤਾਲ ਚੰਡੀਗੜ ਦੇ ਸਹਿਯੋਗ ਨਾਲ ਸ਼ਾਮ ਫੈਸ਼ਨ ਮਾਲ ਐਂਡ ਜਿਊਲਰ ਸੈਕਟਰ 34 ਵਿਚ ਯੋਗਾ ਕੈਂਪ ਦਾ ਆਯੋਜਨ ਕੀਤਾ ਗਿਆ ਯੋਗ ਐਕਸਪਰਟ ਵੱਲੋਂ ਯੋਗ ਦੇ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ ਅਤੇ ਯੋਗ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਨ ਬਾਰੇ ਜ਼ੋਰ ਦਿੱਤਾ ਗਿਆ ਇਹ ਜਾਣਕਾਰੀ ਸ਼ਾਮ ਫੈਸ਼ਨ ਮਾਲ ਦੇ ਮੈਨੇਜਰ ਸੰਜੇ ਸੂਦ ਵੱਲੋਂ ਦਿੱਤੀ ਗਈ

# ਮਾਮਲਾ ਨਗਰ ਕੌਂਸਲ ਦੋਰਾਹਾ ਦੇ ਕਾਂਗਰਸੀ ਪ੍ਰਧਾਨ ਨੂੰ ਆਪ ਵਿੱਚ ਸ਼ਾਮਲ ਕਰਨ ਦਾ

ਦੋਰਾਹਾ,
-ਰੋਜ਼ਾਨਾ ਸਵੇਰਾ-

ਦੋਰਾਹਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ? ਲੜਣ ਵਾਲੇ ਐਡਵੋਕੇਟ ਪ੍ਰਭਜੋਤ ਸਿੰਘ ਨੇ ਕਿਹਾ ਹਲਕਾ ਪਾਇਲ ਦੇ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਨੂੰ ਪਾਰਟੀ ਵਿੱਚ ਸ਼ਾਮਲ ਕਰਵਾ ਕੇ ਟਕਸਾਲੀ ਵਰਕਰਾਂ ਦੀ ਪਿੱਠ ਤੇ ਛੁਰਾ ਮਾਰਿਆ ਹੈ ।

ਉਹਨਾਂ ਕਿਹਾ ਕਿ ਸਾਰਾ ਹਲਕਾ ਜਾਣਦਾ ਹੈ ਕਿ ਵਿਧਾਨ ਸਭਾ ਚੋਣਾਂ ਵੇਲੇ ਦੋਰਾਹਾ ਪਿੰਡ ਦੇ ਇਕ ਨੌਜਵਾਨ ਚੰਦਨਪ੍ਰੀਤ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗਿਆਸਪੁਰਾ ਦੀ ਖੁੱਲ ਕੇ ਮਦਦ ਕਰਨ ਦੇ ਨਾਲ-ਨਾਲ ਉਸ ਸਮੇਂ ਦੇ ਵਿਧਾਇਕ ਨੂੰ ਪੋਸਟਰ ਲਾ ਕੇ ਚੈਲਜ ਕੀਤਾ ਸੀ ।

ਜ਼ੋ ਕਿ ਉਸ ਸਮੇਂ ਕਾਫੀ ਚਰਚਾ ਵਿੱਚ ਰਿਹਾ ।ਉਹਨਾਂ ਕਿਹਾ ਕਿ ਇਸ ਤਰਾਂ ਦੇ ਨੌਜਵਾਨ ਆਗੂਆਂ ਨੂੰ ਅਣਗੌਲਿਆਂ ਕਰਕੇ ਗਿਆਸਪੁਰਾ ਨੇ ਹਲਕੇ ਵਿੱਚ ਆਪਣਾ ਆਧਾਰ ਖਤਮ ਕਰ ਲਿਆ ਹੈ ।ਉਹਨਾਂ ਕਿਹਾ ਕਿ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਨੂੰ ਆਪ ਪਾਰਟੀ ਵਿੱਚ ਸ਼ਾਮਲ ਕਰਨ ਸਮੇਂ ਆਮ ਆਦਮੀ ਪਾਰਟੀ ਦੇ ਇਕ ਦੂਕਾ ਆਗੂ ਹੀ ਹਾਜ਼ਰ ਸਨ ਜਿਹਨਾਂ ਨੂੰ ਵੀ ਮੌਕੇ ਤੇ ਜਾ ਕੇ ਪਤਾ ਚਲਿਆ ਕਿ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਆਪ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ।

ਇਸ ਮੌਕੇ ਐਡਵੋਕੇਟ ਪ੍ਰਭਜੋਤ ਸਿੰਘ ਦੋਰਾਹਾ ਨੇ ਕਿਹਾ ਕਿ ਜੇਕਰ ਗਿਆਸਪੁਰਾ ਇਸ ਤਰਾਂ ਦੇ ਮਿਹਨਤੀ, ਇਮਾਨਦਾਰ,ਅਣਥੱਕ ਯੂਥ ਆਗੂ ਚੰਦਨਪ੍ਰੀਤ ਮਾਨ ਦਾ ਨਹੀ ਹੋ ਸਕਿਆ ਤਾਂ ਹਲਕਾ ਵਿਧਾਇਕ ਕਿਸੇ ਦੀ ਨਹੀਂ ਬਣ ਸਕਦਾ । ਹਲਕਾ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ ਵਿਧਾਨ ਸਭਾ ਚੋਣਾਂ ਵੇਲੇ ਦਿਨ ਰਾਤ ਮਿਹਨਤ ਕਰਨ ਵਾਲੇ ਮਿਹਨਤੀ ਆਗੂਆਂ ਵਰਕਰਾਂ ਨਾਲ ਸਲਾਹ ਮਸ਼ਵਰਾ ਕਰਕੇ ਹੀ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਨੂੰ ਪਾਰਟੀ ਵਿੱਚ ਸ਼ਾਮਲ ਕਰਦਾ । ਉਹਨਾਂ ਇਹ ਵੀ ਕਿਹਾ ਕਿ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਨੇ ਤਾਂ ਆਪਣੀ ਕੁਰਸੀ ਬਚਾਉਣ ਲਈ ਆਪ ਜੁਆਇੰਨ ਕੀਤੀ ਹੈ ਪਰ ਹਲਕਾ ਵਿਧਾਇਕ ਨੇ ਕਿਸ ਲਾਲਚ ਕਰਕੇ ਉਸ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ ਹੈ ।

ਇਸ ਦਾ ਜਵਾਬ ਹਲਕਾ ਵਿਧਾਇਕ ਤੋਂ ਆਮ ਆਦਮੀ ਪਾਰਟੀ ਦੇ ਕਈ ਵਰਕਰ ਪੁੱਛ ਰਹੇ ਹਨ ਜਿਸ ਦਾ ਜਵਾਬ ਹਲਕਾ ਵਿਧਾਇਕ ਨੂੰ ਦੇਣਾ ਚਾਹੀਦਾ ਹੈ ।ਉਹਨਾਂ ਇਹ ਵੀ ਕਿਹਾ ਕਿ ਹਲਕਾ ਵਿਧਾਇਕ ਪਹਿਲਾਂ ਬੈਂਸ ਧੜੇ ਨਾਲ ਹੁੰਦਾ ਸੀ ਉਸ ਸਮੇਂ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ ਬੀ ਟੀਮ ਕਹਿੰਦਾ ਸੀ ਹੁਣ ਆਪ ਵਿੱਚ ਸ਼ਾਮਿਲ ਹੋ ਗਿਆ ?

ਉਹਨਾਂ ਕਿਹਾ ਕਿ ਜਿਹਨਾਂ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਖਿਲਾਫ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਹਨ ਉਹਨਾਂ ਨੂੰ ਵੀ ਹਲਕਾ ਵਿਧਾਇਕ ਜਵਾਬ ਦੇਣ । ਉਹਨਾਂ ਅਖੀਰ ਵਿੱਚ ਕਿਹਾ ਕਿ ਦੋਰਾਹਾ ਵਿਖੇ ਕਮਿਉਨਿਟੀ ਸੈਂਟਰ ਬਾਰੇ ਵੋਟਾਂ ਤੋਂ ਪਹਿਲਾਂ ਵੱਡਿਆਂ ਵੱਡਿਆਂ ਗਲਾਂ ਕਰਨ ਵਾਲੇ ਹਲਕਾ ਵਿਧਾਇਕ ਉਸ ਤੇ ਕਰਵਾਈ ਕਿਉਂ ਨਹੀਂ ਕਰਦੇ । ਪੰਜਾਬ ਵਿੱਚ ਸਰਕਾਰ ਆਮ ਆਦਮੀ ਪਾਰਟੀ ਦੀ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਦਾ ਤੇ ਹੁਣ ਤਾਂ ਨਗਰ ਕੌਂਸਲ ਦੋਰਾਹਾ ਦਾ ਪ੍ਰਧਾਨ ਵੀ ਆਮ ਆਦਮੀ ਪਾਰਟੀ ਦਾ ਹੈ ਤੇ ਹੁਣ ਵੀ ਕਾਰਵਾਈ ਕਿਉਂ ਨਹੀਂ ਹੁੰਦੀ ?

# 'ਆਪ' ਸਰਕਾਰ 'ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਖੁਆਰ ਕਰਨ ਦਾ ਦੋਸ਼



ਜਗਰਾਉ,
-ਰੋਜ਼ਾਨਾ ਸਵੇਰਾ-

ਤਿੰਨ ਖੇਤੀ ਕਾਨੂੰਨਾਂ ਵਾਂਗ ਕੇਂਦਰ ਸਰਕਾਰ ਨੂੰ ਅਗਨੀਪਥ ਯੋਜਨਾ ਵੀ ਵਾਪਸ ਲੈਣੀ ਪਵੇਗੀ ਕਿਉਂਕਿ ਖੇਤੀ ਕਾਨੂੰਨ ਕਿਸਾਨਾਂ ਲਈ ਘਾਤਕ ਸਨ ਤੇ ਇਹ ਯੋਜਨਾ ਨੌਜਵਾਨਾਂ ਲਈ। ਇਹ ਪ੍ਰਗਟਾਵਾ ਅੱਜ ਪਿੰਡ ਭੂੰਦੜੀ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਡੈਲੀਗੇਟ ਇਜਲਾਸ ਦੌਰਾਨ ਬੁਲਾਰਿਆਂ ਨੇ ਕੀਤਾ। ਇਸ ਮੌਕੇ ਕਾਮਰੇਡ ਭਰਪੂਰ ਸਿੰਘ, ਅਜੀਤ ਸਿੰਘ ਤੇ ਬਲਜੀਤ ਸਿੰਘ ਗਰੇਵਾਲ ਨੇ ਸੰਬੋਧਨ ਕੀਤਾ। ਸੂਬਾ ਵਿੱਤ ਸਕੱਤਰ ਬਲਦੇਵ ਸਿੰਘ ਲਤਾਲਾ ਨੇ ਕਿਹਾ ਕਿ ਕਿਸਾਨਾਂ ਦੀ ਦੇਸ਼ ਦੀ ਸਭ ਤੋਂ ਵੱਡੀ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਕੌਮੀ ਪੱਧਰ 'ਤੇ ਕਿਸਾਨਾਂ ਦੀ ਲੜਾਈ ਸ਼ਿੱਦਤ ਨਾਲ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਭਗਵੰਤ ਮਾਨ ਦੀ ਸਰਕਾਰ ਮੂੰਗੀ 'ਤੇ ਐੱਮਐੱਸਪੀ ਦੇਣ ਦੀ ਗੱਲ ਕਰਕੇ ਫੇਲ੍ਹ ਸਾਬਤ ਹੋਈ ਹੈ ਅਤੇ ਕਿਸਾਨਾਂ ਨੂੰ ਮੰਡੀਆਂ 'ਚ ਖੁਆਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਸਰਕਾਰ ਪਾਸੋਂ ਐੱਮਐੱਸਪੀ 'ਤੇ ਮੂੰਗੀ ਦੀ ਖਰੀਦ ਫੌਰੀ ਸ਼ੁਰੂ ਕਰਨ ਦੀ ਮੰਗ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜਥੇਬੰਦੀ ਇਸ ਮੁੱਦੇ 'ਤੇ ਵੱਡਾ ਐਕਸ਼ਨ ਵਿੱਢੇਗੀ। ਇਸ ਸਮੇਂ ਡੈਲੀਗੇਟ ਇਜਲਾਸ 'ਚ ਗੁਰਦੀਪ ਸਿੰਘ ਕੋਟਉਮਰਾ ਨੂੰ ਸਕੱਤਰ, ਕਰਨੈਲ ਸਿੰਘ ਭੂੰਦੜੀ ਨੂੰ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਜੀਤ ਸਿੰਘ ਘਮਣੇਵਾਲ ਤੇ ਪ੍ਰਕਾਸ਼ ਸਿੰਘ ਲੀਲਾਂ ਨੂੰ ਮੀਤ ਪ੍ਰਧਾਨ, ਮਲਕੀਤ ਸਿੰਘ ਭੰਮੀਪੁਰਾ ਖਜ਼ਾਨਚੀ ਚੁਣੇ ਗਏ।

# ਗੁਰਦੁਆਰਾ ਕਰਤੇ ਪਰਵਾਨ 'ਤੇ ਹਮਲੇ ਦੀ ਨਿਖੇਧੀ



ਪਾਇਲ,
-ਰੋਜ਼ਾਨਾ ਸਵੇਰਾ-

ਗੁਰਦੁਆਰਾ ਤੱਪੋਬਣ ਢੱਕੀ ਸਾਹਿਬ ਮਕਸੂਦੜਾ ਦੇ ਮੁੱਖ ਸੇਵਾਦਾਰ ਸੰਤ ਦਰਸ਼ਨ ਸਿੰਘ ਖਾਲਸਾ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਗੁਰਦੁਆਰਾ ਕਰਤੇ ਪਰਵਾਨ ਸਾਹਿਬ 'ਤੇ ਹੋਏ ਹਮਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗੁਰੂ ਘਰ 'ਤੇ ਹਮਲਾ ਕੀਤਾ ਹੈ ।

# ਪੋਲੀਓ ਬੂੰਦਾਂ ਪਿਲਾਉਣ ਦੀ ਮੁਹਿੰਮ ਸ਼ੁਰੂ

ਲੁਧਿਆਣਾ,
-ਰੋਜ਼ਾਨਾ ਸਵੇਰਾ-

ਜ਼ਿਲ੍ਹੇ ਭਰ ਵਿੱਚ 23 ਜੂਨ ਤੱਕ ਚੱਲਣ ਵਾਲੇ ਸਬ-ਰਾਸ਼ਟਰੀ ਟੀਕਾਕਰਨ ਦੌਰ (ਐੱਸ.ਐੱਨ.ਆਈ.ਡੀ.) ਦੀ ਸ਼ੁਰੂਆਤ ਅੱਜ ਸਿਵਲ ਸਰਜਨ ਡਾ. ਐੱਸਪੀ ਸਿੰਘ ਵੱਲੋਂ ਸਿਵਲ ਹਸਪਤਾਲ ਲੁਧਿਆਣਾ ਵਿੱਚ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਕੇ ਕੀਤੀ ਗਈ। ਇਸ ਦੌਰਾਨ ਸਿਵਲ ਸਰਜਨ ਡਾ. ਐੱਸ.ਪੀ. ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਨੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ 0-5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾ ਪਿਲਾਈਆਂ ਜਾਣਗੀਆਂ, ਜਿਸ ਤਹਿਤ ਕਰੀਬ 1500 ਟੀਮਾਂ ਵੱਲੋਂ 860912 ਘਰਾਂ ਦਾ ਦੌਰਾ ਕਰਦਿਆਂ ਕਰੀਬ 352765 ਬੱਚਿਆਂ ਨੂੰ ਕਵਰ ਕੀਤਾ ਜਾਵੇਗਾ।ਇਸ ਦੌਰਾਨ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਜ਼ਿਲ੍ਹੇ ਭਰ ਦੇ ਲਗਪਗ 952 ਹਾਈਰਿਸਕ ਖੇਤਰਾਂ ਵਿੱਚ ਪੰਜ ਦਿਨ ਚੱਲੇਗੀ, ਜਿਸ ਵਿੱਚ ਸ਼ਹਿਰ, ਸਾਹਨੇਵਾਲ, ਕੂੰਮਕਲਾ ਅਤੇ ਪੈਰੀ ਅਰਬਨ ਸ਼ਾਮਲ ਹਨ। ਆਮ ਖੇਤਰਾਂ ਵਿਚ ਇਹ ਮੁਹਿੰਮ ਤਿੰਨ ਦਿਨ ਚੱਲੇਗੀ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਨੀਸ਼ਾ ਖੰਨਾ, ਸੀਨੀਅਰ ਮੈਡੀਕਲ ਅਫ਼ਸਰ ਡਾ. ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਦਰਜ ਕਰੇਗੀ - ਪੱਪੂ , ਕੂੰਨਰ




ਦੋਰਾਹਾ,
-ਰੋਜ਼ਾਨਾ ਸਵੇਰਾ-

ਸੰਗਰੂਰ ਜ਼ਿਮਨੀ ਚੋਣ ਵਿੱਚ ਆਪ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹੱਕ ਵਿੱਚ ਪਿੰਡਾਂ ਵਿੱਚ ਹੋ ਰਹੇ ਮੁੱਖ ਮੰਤਰੀ ਦੇ ਰੋਡ ਸੋਅ ਵਿੱਚ ਸ਼ਾਮਿਲ ਹੋਣ ਲਈ ਆਮ ਆਦਮੀ ਪਾਰਟੀ ਦੋਰਾਹਾ ਤੋ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਗਏ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ ਤੇ ਸਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਰਾਣਾ ਕੂੰਨਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੰਗਰੂਰ ਜ਼ਿਮਨੀ ਚੋਣ ਭਾਰੀ ਬਹੁਮਤ ਨਾਲ ਜਿੱਤੇਗੀ ਤੇ ਬਾਕੀ ਪਾਰਟੀਆਂ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਵੇਗੀ ।ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਦੇ ਭਲੇ ਲਈ ਕੀਤੇ ਜਾ ਫੈਸਲਿਆਂ ਸਦਕਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਹੋਰ ਤੱਰਕੀ ਦੀਆਂ ਲੀਹਾਂ ਤੇ ਜਾਵੇਗਾ ।ਸੰਗਰੂਰ ਜ਼ਿਮਨੀ ਚੋਣ ਵਿੱਚ ਪਿੰਡ ਸੰਦੋੜ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਰੋਡ ਸੋਅ ਵਿੱਚ ਸ਼ਾਮਿਲ ਹੋਣ ਲਈ ਆਮ ਆਦਮੀ ਪਾਰਟੀ ਦੋਰਾਹਾ ਤੋ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਸ਼ਾਮਲ ਹੋਏ । ਇਸ ਮੌਕੇ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ, ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਰਾਣਾ ਕੂੰਨਰ, ਆਮ ਆਦਮੀ ਪਾਰਟੀ ਯੂਥ ਦੇ ਪ੍ਰਧਾਨ ਮਨੀਸ਼ ਅਰੋੜਾ ਮਨੀ, ਪ੍ਰਧਾਨ ਬੌਬੀ ਕਪਿਲਾ, ਕੌਂਸਲਰ ਕੁਲਵੰਤ ਸਿੰਘ ਕਾਲੂ, ਕੌਂਸਲਰ ਪਤੀ ਕੰਵਲਜੀਤ ਸਿੰਘ ਬਿੱਟੂ, ਬੌਬੀ ਤਿਵਾੜੀ, ਰਾਜ ਕੁਮਾਰ ਸਹੋਤਾ, ਸੁਨੀਲ ਰਤਨ ਰਿਖੀ ਸਟੂਡੀਓ, ਪਰਿਆਸੂ ਤਿਵਾੜੀ, ਬਲਵਿੰਦਰ ਸਿੰਘ ਟੋਨੀ, ਯੂਥ ਆਗੂ ਵਿੱਕੀ ਬੈਕਟਰ, ਸਮਾਜ ਸੇਵੀ ਸ਼ਰਨਜੀਤ ਸਿੰਘ ਮਿੱਠੂ, ਐਨੀ ਸ਼ਰਮਾ, ਰਿੱਕੀ ਬੈਕਟਰ, ਹਰਦੀਪ ਅੜੈਚਾਂ, ਨਰਿੰਦਰ ਕਟਾਣਾ, ਆਦਿ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ ।

# ਫੌਜੀ ਭਰਤੀ ਲਈ 'ਅਗਨੀਪੱਥ' ਯੋਜਨਾ ਮੋਦੀ ਦਾ ਨਵਾਂ ਜੁਮਲਾ ਤੇ ਛਲਾਵਾ : ਬੀਬਾ ਰਾਜਵਿੰਦਰ ਕੌਰ ਰਾਜੂ

## ਰਾਖਵਾਂਕਰਨ ਨੀਤੀ'ਚ ਸੋਧ ਤੋਂ ਬਿਨਾਂ ਅਗਨੀਵੀਰਾਂ ਨੂੰ ਨਹੀਂ ਮਿਲੇਗੀ ਕਾਨੂੰਨਨ ਤਰਜੀਹ : ਮਹਿਲਾ ਕਿਸਾਨ ਯੂਨੀਅਨ; ਕਿਹਾ, ਹਥਿਆਰਾਂ ਨਾਲ ਸਿੱਖਿਅਤ ਬੇਰੁਜ਼ਗਾਰ ਖਲਕਤ ਸਮਾਜ ਲਈ ਹੋਵੇਗੀ ਖਤਰੇ ਦੀ ਘੰਟੀ

ਜਲੰਧਰ,
-ਰੋਜ਼ਾਨਾ ਸਵੇਰਾ-

ਮੋਦੀ ਸਰਕਾਰ ਵੱਲੋਂ ਤਿੰਨੇ ਸੈਨਾਵਾਂ ਲਈ ਲਾਗੂ ਕੀਤੀ ਆਰਜ਼ੀ ਭਰਤੀ ਯੋਜਨਾ'ਅਗਨੀਪੱਥ' ਤਹਿਤ ਵੋਟਾਂ ਵਟੋਰਨ ਖਾਤਰ ਜਨਤਾ ਵਿੱਚ ਫੈਲਾਏ ਜਾ ਰਹੇ ਕੋਰੇ ਝੂਠ ਅਤੇ ਛਲਾਵੇ ਦਾ ਪਰਦਾਫਾਸ਼ ਕਰਦਿਆਂ ਮਹਿਲਾ ਕਿਸਾਨ ਯੂਨੀਅਨ ਨੇ ਕਿਹਾ ਹੈ ਕਿ ਚਾਰ ਸਾਲਾਂ ਪਿੱਛੋਂ ਫੌਜਾਂ ਵਿੱਚੋਂ'ਅਗਨੀਵੀਰ' ਵਜੋਂ ਬੇਰੁਜ਼ਗਾਰ ਹੋਣ ਵਾਲੇ ਨੌਜਵਾਨਾਂ ਨੂੰ ਹੋਰਨਾਂ ਲਾਲਚਾਂ ਸਮੇਤ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਨਵੀਆਂ ਨੌਕਰੀਆਂ ਵਿੱਚ ਤਰਜ਼ੀਹ ਦੇਣ ਦਾ ਸ਼ਗੂਫ਼ਾ ਇੱਕ ਹੋਰ ਨਵੇਂ ਭਾਜਪਾਈ ਜੁਮਲੇ ਤੋਂ ਵੱਧ ਕੁੱਝ ਵੀ ਨਹੀਂ ਕਿਉਂਕਿ ਪ੍ਰਚੱਲਤ ਰਾਖਵਾਂਕਰਨ ਨੀਤੀ ਤਹਿਤ ਕਿਸੇ ਵੀ ਸਰਕਾਰ ਵੱਲੋਂ ਅਜਿਹੀ ਰਾਖਵਾਂਕਰਨ ਪਹਿਲ ਦੇਣਾ ਸੰਭਵ ਹੀ ਨਹੀਂ ਹੈ।ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹਿਲਾ ਕਿਸਾਨ ਯੂਨੀਅਨ ਦੀ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਰਾਜੂ ਨੇ ਆਖਿਆ ਕਿ ਦੇਸ਼ ਵਿੱਚ ਪਹਿਲਾਂ ਤੋਂ ਹੀ ਕਾਨੂੰਨੀ ਤੌਰ ਉਤੇ ਲਾਗੂ ਅਤੇ ਸੁਪਰੀਮ ਕੋਰਟ ਵੱਲੋਂ ਪ੍ਰਵਾਨਿਤ ਹਰ ਸੂਬਾ ਸਰਕਾਰ ਅਤੇ ਕੇਂਦਰ ਵੱਲੋਂ ਸੰਵਿਧਾਨਕ ਅਤੇ ਵਿਧਾਨਿਕ ਭਰਤੀ ਨੀਤੀ ਹੋਈ ਹੈ ਅਤੇ ਇਸ ਨੀਤੀ ਤਹਿਤ ਵੱਖ-ਵੱਖ ਜਾਤਾਂ, ਸ਼੍ਰੇਣੀਆਂ, ਵਰਗਾਂ ਤੇ ਕਬੀਲਿਆਂ ਲਈ ਪਹਿਲਾਂ ਤੋਂ ਸਥਾਪਿਤ ਰਾਖਵਾਂਕਰਨ ਨੀਤੀ ਮੁਤਾਬਕ ਹੀ ਭਰਤੀ ਪ੍ਰਕਿਰਿਆ ਮੁਕੰਮਲ ਹੁੰਦੀ ਹੈ ਪਰ ਚਾਰ ਸਾਲਾ ਠੇਕੇ ਵਾਲੀ ਫੌਜ਼ ਦੀ ਨੌਕਰੀ ਤੋਂ ਬੇਰੁਜ਼ਗਾਰ ਹੋਣ ਵਾਲੇ ਇਨ੍ਹਾਂ'ਅਗਨੀਵੀਰਾਂ' ਲਈ ਹਾਲੇ ਤੱਕ ਨਾ ਤਾਂ ਖੁਦ ਕੇਂਦਰ ਨੇ ਅਤੇ ਨਾ ਹੀ ਰਾਜ ਸਰਕਾਰਾਂ ਨੇ ਆਪਣੀ ਪ੍ਰਚੱਲਿਤ ਭਰਤੀ ਨੀਤੀ ਵਿੱਚ ਵਿਸ਼ੇਸ਼ ਰਾਖਵਾਂਕਰਨ ਦੇਣ ਲਈ ਕੋਈ ਨਵੀਂ ਸੋਧ ਕੀਤੀ ਹੈ ਅਤੇ ਨਾ ਹੀ ਅਜਿਹੀ ਕੋਈ ਦੇਸ਼ ਵਿਆਪੀ ਨੀਤੀ ਕੇਂਦਰੀ ਕੈਬਨਿਟ ਤੋਂ ਪ੍ਰਵਾਨ ਹੋਈ ਹੈ ਜਿਸ ਕਰਕੇ ਭਗਵਾਂ ਸਰਕਾਰ ਵੱਲੋਂ ਭਵਿੱਖ ਵਿੱਚ ਬੇਰੁਜ਼ਗਾਰੀ ਦੀ ਮਾਰ ਝੱਲਣ ਵਾਲੇ ਸਮੂਹ ਅਗਨੀਵੀਰਾਂ ਨੂੰ ਨੌਕਰੀਆਂ ਵਿੱਚ ਪਹਿਲ ਦੇਣਾ ਇੱਕ ਕੋਰਾ ਝੂਠ ਅਤੇ ਗਪੌੜ ਸੰਖ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਨੂੰ ਦੇਖਦਿਆਂ ਰੱਖਿਆ ਮੰਤਰਾਲੇ ਤੇ ਹੋਰ ਜਨਤਕ ਖੇਤਰ ਦੇ ਅਦਾਰਿਆਂ ਵੱਲੋਂ ਇਨ੍ਹਾਂ ਅਗਨੀਵੀਰਾਂ ਨੂੰ ਨੌਕਰੀਆਂ ਵਿੱਚ ਰਾਖਵਾਂਕਰਨ ਦੇਣ ਦੇ ਦਮਗਜੇ ਮਾਰੇ ਜਾ ਰਹੇ ਹਨ ਪਰ ਰਾਖਵਾਂਕਰਨ ਦਾ ਕੋਟਾ ਵਧਾਉਣ ਅਤੇ ਰਾਖਵਾਂਕਰਨ ਵਿੱਚ ਹੋਰ ਰਾਖਵਾਂਕਰਨ ਦੇਣ ਵਿਰੁੱਧ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ ਦੀ ਲੋਅ ਵਿੱਚ ਅਜਿਹੀ ਤਰਜ਼ੀਹ ਦੇਣਾ ਕਾਨੂੰਨਨ ਅਵੱਗਿਆ ਹੋਵੇਗੀ ਅਤੇ ਅਜਿਹੀ ਰਾਖਵਾਂਕਰਨ ਦੀ ਨਵੀਂ ਨੀਤੀ ਅਦਾਲਤ ਵਿੱਚ ਟਿਕ ਨਹੀਂ ਸਕੇਗੀ।

ਮਹਿਲਾ ਕਿਸਾਨ ਨੇਤਾ ਨੇ ਕਿਹਾ ਕਿ ਜੇਕਰ ਇਨ੍ਹਾਂ ਅਗਨੀਵੀਰਾਂ ਨੂੰ ਨੌਕਰੀਆਂ ਦੇਣ ਲਈ ਪਹਿਲਾਂ ਤੋਂ ਸਥਾਪਤ ਅਤੇ ਪ੍ਰਵਾਨਿਤ ਰਾਖਵਾਂਕਰਨ ਨਿਯਮਾਂ ਵਿੱਚ ਕੇਂਦਰ ਜਾਂ ਰਾਜ ਸਰਕਾਰਾਂ ਵੱਲੋਂ ਕੋਈ ਸੋਧ ਵੀ ਕੀਤੀ ਜਾਂਦੀ ਹੈ ਤਾਂ ਇਹ ਨਵੀਂ ਸੋਧ ਮੌਜੂਦਾ ਰਾਖਵਾਂਕਰਨ ਨੀਤੀ ਤਹਿਤ ਲਾਭ ਲੈ ਰਹੇ ਹੋਰਨਾਂ ਗਰੀਬ ਵਰਗਾਂ, ਜਾਤਾਂ ਅਤੇ ਕਬੀਲਿਆਂ ਦੇ ਹਿੱਤਾਂ ਨੂੰ ਵੱਡੀ ਢਾਹ ਲੱਗੇਗੀ ਜਿਸ ਨਾਲ ਸਮਾਜ ਵਿੱਚ ਬੇਗਾਨਗੀ ਦੀ ਭਾਵਨਾ ਹੋਰ ਵਧੇਗੀ ਅਤੇ ਵਾਧੂ ਅਫ਼ਰਾ-ਤਫ਼ਰੀ ਫੈਲ ਸਕਦੀ ਹੈ।ਘੱਟ ਮਿਆਦ ਵਾਲੀ ਇਸ ਰੁਜ਼ਗਾਰ ਯੋਜਨਾ ਦਾ ਮੂਲੋਂ ਵਿਰੋਧ ਕਰਦਿਆਂ ਬੀਬਾ ਰਾਜੂ ਨੇ ਕਿਹਾ ਕਿ ਛੋਟੀ ਉਮਰੇ ਪੜ੍ਹਨ-ਲਿਖਣ ਦੀ ਉਮਰ ਦੌਰਾਨ ਫ਼ੌਜ ਵਿੱਚ ਭਰਤੀ ਕਰਨਾ ਅਤੇ ਉਪਰੰਤ ਉਨ੍ਹਾਂ ਨੂੰ ਬੇਰੁਜ਼ਗਾਰ ਕਰਕੇ ਛੱਡ ਦੇਣਾ ਆਰਥਿਕ, ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੋਵੇਗਾ ਕਿਉਂਕਿ ਸਮਾਜ ਵਿੱਚ ਬੇਰੁਜ਼ਗਾਰੀ ਵਧਣ ਅਤੇ ਹਥਿਆਰਾਂ ਨਾਲ ਸਿੱਖਿਅਤ ਖਲਕਤ ਸਦਕਾ ਯੂਗੋਸਲਾਵੀਆ, ਇਥੋਪੀਆ ਅਤੇ ਹੈਤੀ ਵਰਗੇ ਦੇਸ਼ਾਂ ਵਾਂਗ ਭਾਰਤ ਵਿੱਚ ਵੀ ਭਿਆਨਕ ਸਮਾਜਿਕ ਬੁਰਾਈਆਂ ਅਤੇ ਕਤਲੋਗਾਰਦ ਵਰਗੀਆਂ ਬਿਰਤੀਆਂ ਜਨਮ ਲੈ ਸਕਦੀਆਂ ਹਨ।

ਮਹਿਲਾ ਨੇਤਾ ਨੇ ਅਗਨੀਪੱਥ ਨਾਂ ਦੀ ਇਸ ਯੋਜਨਾ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਕਰੋਨਾ ਕਾਲ ਦੌਰਾਨ ਪਿਛਲੇ ਦੋ ਸਾਲਾਂ ਤੋਂ ਫੌਜ਼ ਦੀ ਭਰਤੀ ਉਡੀਕ ਰਹੇ ਨੌਜਵਾਨਾਂ ਨੂੰ ਭਰਤੀ ਕਰਨ ਬਾਰੇ ਜਲਦ ਫ਼ੈਸਲਾ ਲੈ ਕੇ ਉਨ੍ਹਾਂ ਨੂੰ ਤਾਅਉਮਰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਦੇਵੇ ਅਤੇ ਆਰਜ਼ੀ ਰੰਗਰੂਟਾਂ ਦੇ ਸਹਾਰੇ ਦੇਸ਼ ਦੀ ਸੁਰੱਖਿਆ ਨਾਲ ਸਮਝੌਤਾ ਨਾ ਕਰੇ। ਫ਼ੌਜਾਂ ਵਿੱਚ ਸਥਾਈ ਭਰਤੀ ਦੀ ਮੰਗ ਕਰਦਿਆਂ ਬੀਬਾ ਰਾਜੂ ਨੇ ਕਿਹਾ ਕਿ ਕੇਂਦਰੀ ਭਾਜਪਾ ਸਰਕਾਰ ਵੱਲੋਂ ਤਿੰਨੇ ਸੈਨਾਵਾਂ ਵਿੱਚ ਥੋੜ੍ਹੇ ਸਮੇਂ ਲਈ ਆਰਜੀ ਰੁਜ਼ਗਾਰ ਦੇਣ ਦੀ ਯੋਜਨਾ ਬਿਲਕੁਲ ਗ਼ਲਤ, ਮਾਨਵੀ ਤੇ ਮੌਲਿਕ ਅਧਿਕਾਰਾਂ ਸਮੇਤ ਸਥਾਪਿਤ ਫ਼ੌਜੀ ਨਿਯਮਾਂ ਦੀ ਵੀ ਉਲੰਘਣਾ ਹੈ ਜਿਸ ਨਾਲ ਸਦੀਆਂ ਤੋਂ ਭਾਰਤੀ ਫੌਜਾਂ ਵਿੱਚ ਵੱਖੋ-ਵੱਖਰੀਆਂ ਰੈਜਮੈਂਟਾਂ ਬਣਾਉਣ ਦੀ ਚੱਲੀ ਆ ਰਹੀ ਰਵਾਇਤ ਬਿਲਕੁਲ ਖ਼ਤਮ ਹੋ ਜਾਵੇਗੀ ਕਿਉਂਕਿ ਆਰਐਸਐਸ ਦੀ ਸੋਚ ਅਤੇ ਸੇਧ ਮੁਤਾਬਿਕ ਫੌਜ਼ ਵਿੱਚ ਲਾਗੂ ਹੋ ਰਹੀ'ਸਮੁੱਚਾ ਭਾਰਤ-ਸਮੂਹ ਵਰਗ ਨਾਮੀ ਨਵੀਂ ਸਕੀਮ ਹੇਠ ਸਾਰੇ ਧਰਮਾਂ ਤੇ ਕੌਮਾਂ ਦੇ ਨੌਜਵਾਨ ਇੱਕੋ ਹੀ ਰੈਜੀਮੈਂਟ ਵਿੱਚ ਇਕੱਠੇ ਰੱਖੇ ਜਾਣਗੇ।

# ਆਈ.ਏ.ਐਸ. ਐਂਡ ਅਲਾਈਡ ਸਰਵਿਸਿਜ਼ ਟ੍ਰੇਨਿੰਗ ਸੈਂਟਰ ਵਿਖੇ ਨਵੇਂ ਬੈਚ ਦੀਆਂ ਕੋਚਿੰਗ ਕਲਾਸਾਂ ਹੋ ਰਹੀਆਂ ਹਨ ਸ਼ੁਰੂ




ਪਟਿਆਲਾ,
-ਰੋਜ਼ਾਨਾ ਸਵੇਰਾ-

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਈ.ਏ.ਐਸ. ਐਂਡ ਅਲਾਈਡ ਸਰਵਿਸਿਜ਼ ਟ੍ਰੇਨਿੰਗ ਸੈਂਟਰ ਵਿਖੇ ਨਵੇਂ ਬੈਚ ਦੀਆਂ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਕਲਾਸਾਂ ਵਿਚ ਆਈ.ਏ.ਐਸ. ਪ੍ਰੀ. (ਵੀਕਐਂਡ), ਯੂ.ਜੀ.ਸੀ./ਨੈਟ ਅਤੇ ਪੀ.ਓ. (ਬੈਂਕਿੰਗ ਸਰਵਿਸ) ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਹ ਵਿਭਾਗ ਪਿਛਲੇ ਲੰਮੇ ਸਮੇਂ ਤੋਂ ਵਿਦਿਆਰਥੀਆਂ ਨੂੰ ਬਹੁਤ ਹੀ ਘੱਟ ਫੀਸਾਂ ਅਤੇ ਉਚ ਸ਼੍ਰੇਣੀ ਦੀ ਸਿਖਲਾਈ ਪ੍ਰਦਾਨ ਕਰਦਾ ਰਿਹਾ ਹੈ। ਵਿਭਾਗ ਵਿਖੇ ਇੱਕ ਵੱਡੀ ਲਾਇਬ੍ਰੇਰੀ ਅਤੇ ਹੋਰ ਲੋੜੀਂਦਾ ਸਾਜ਼ੋ-ਸਮਾਨ ਉਪਲਬੱਧ ਹੈ। ਇਸ ਵਿਭਾਗ ਦੀ ਖਾਸੀਅਤ ਇਹ ਵੀ ਹੈ ਕਿ ਇੱਥੇ ਪੰਜਾਬੀ ਯੂਨੀਵਰਸਿਟੀ ਦੇ ਮਾਹਿਰ ਅਧਿਆਪਕ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ।ਵਿਭਾਗ ਦੇ ਡਾਇਰੈਕਟਰ, ਡਾ. ਅਮਰ ਇੰਦਰ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਹਮੇਸ਼ਾ ਤੋਂ ਉਹਨਾਂ ਵਿਦਿਆਰਥੀਆਂ ਦੇ ਨਾਲ ਖੜ੍ਹੀ ਹੈ ਜੋ ਆਪਣੀ ਸਖਤ ਮਿਹਨਤ ਨਾਲ ਜ਼ਿੰਦਗੀ ਵਿੱਚ ਕੁੱਝ ਹਾਸਿਲ ਕਰਨਾ ਚਾਹੁੰਦੇ ਹਨ। ਪੰਜਾਬੀ ਯੂਨੀਵਰਸਿਟੀ ਦਾ ਇਹ ਵਿਭਾਗ ਹਫ਼ਤੇ ਵਿੱਚ ਸੱਤ ਦਿਨ ਅਤੇ ਸਾਲ ਵਿੱਚ 365 ਦਿਨ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਕਲਾਸਾਂ ਵਿੱਚ ਦਾਖ਼ਲਾ ਲੈਣ ਸਬੰਧੀ ਵਿਦਿਆਰਥੀ ਆਪਣੀਆਂ ਅਰਜ਼ੀਆਂ ਸਾਦੇ ਪੇਪਰ ਉੱਤੇ ਲਿਖ ਕੇ ਮਿਤੀ 30-6-2022 ਭੇਜ ਸਕਦੇ ਹਨ। ਇਹ ਅਰਜ਼ੀਆਂ ਈ-ਮੇਲ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ। ਚੁਣੇ ਗਏ ਵਿਦਿਆਰਥੀਆਂ ਨੂੰ ਈਮੇਲ ਅਤੇ ਮੋਬਾਇਲ ਰਾਹੀਂ ਸੰਪਰਕ ਕੀਤਾ ਜਾਵੇਗਾ। ਜ਼ਰੂਰਤਮੰਦ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਵੀ ਉਪਲੱਬਧ ਹੈ। ਇਹਨਾਂ ਕੋਰਸਾਂ ਦੀਆਂ ਕਲਾਸਾਂ ਹੋਰ ਵਧੇਰੇ ਜਾਣਕਾਰੀ ਲੈਣ ਸਬੰਧੀ ਵਿਦਿਆਰਥੀ ਵਿਭਾਗ ਦੇ ਫੋਨ ਨੰ: 0175-5136351,52 ਅਤੇ 98554-68641 ਤੇ ਸੰਪਰਕ ਕਰ ਸਕਦੇ ਹਨ ਅਤੇ ਯੂਨੀਵਰਸਿਟੀ ਦੀ ਵੈਬਸਾਈਟ ਵੀ ਵੇਖ ਸਕਦੇ ਹਨ।

# ਹਲਕਾ ਵਿਧਾਇਕ ਗਿਆਸਪੁਰਾ ਤੇ ਪ੍ਰਧਾਨ ਪੱਪੂ ਦੀ ਅਗਵਾਈ ਹੇਠ ਵੱਡਾ ਕਾਫ਼ਲਾ ਭਗਵੰਤ ਮਾਨ ਦੇ ਰੋਡ ਸ਼ੋਅ ਲਈ ਰਵਾਨਾ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਰੋਡ ਸੋਅ ਵਿੱਚ ਸ਼ਾਮਲ ਹੋਣ ਸਮੇਂ ਹਲਕਾ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ, ਬਿਜਲੀ ਮੰਤਰੀ ਹਰਭਜਨ ਸਿੰਘ, ਪ੍ਰਧਾਨ ਕੂੰਨਰ, ਪ੍ਰਧਾਨ ਕਪਿਲਾ, ਪ੍ਰਧਾਨ ਅਰੋੜਾ ਆਦਿ

ਦੋਰਾਹਾ,
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸੰਗਰੂਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹੱਕ ਵਿੱਚ ਕੱਢੇ ਵਿਸ਼ਾਲ ਰੋਡ ਸੋਅ ਵਿੱਚ ਹਲਕਾ ਪਾਇਲ ਦੇ ਮੁੱਖ ਸ਼ਹਿਰ ਦੋਰਾਹਾ ਤੋਂ ਹਲਕਾ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ ਦੀ ਰਹਿਨੁਮਾਈ ਤੇ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ ਦੀ ਅਗਵਾਈ ਹੇਠ ਵੱਡਾ ਕਾਫ਼ਲਾ ਸ਼ਾਮਿਲ ਹੋਇਆ । ਜਿਸ ਵਿੱਚ ਬਿਜਲੀ ਮੰਤਰੀ ਪੰਜਾਬ ਹਰਭਜਨ ਸਿੰਘ, ਹਲਕਾ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ , ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ, ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਰਾਣਾ ਕੂੰਨਰ, ਯੂਥ ਪ੍ਰਧਾਨ ਮਨੀਸ਼ ਅਰੋੜਾ ਮਨੀ, ਪ੍ਰਧਾਨ ਬੋਬੀ ਕਪਿਲਾ, ਕੌਂਸਲਰ ਪਤੀ ਕੰਵਲਜੀਤ ਸਿੰਘ ਬਿੱਟੂ, ਕੌਂਸਲਰ ਕੁਲਵੰਤ ਸਿੰਘ ਕਾਲੂ, ਸ਼ਰਨਜੀਤ ਸਿੰਘ ਮਿੱਠੂ, ਬੋਬੀ ਤਿਵਾੜੀ, ਹਰਜੀਤ ਸਿੰਘ ਬਾਜਵਾ, ਮੇਜਰ ਸਿੰਘ, ਮੋਹਣ ਸਿੰਘ, ਵਨੀਤ ਮਕੋਲ , ਸੰਦੀਪ ਸੂਦ, ਮਨੋਜ ਗੋਇਲ, ਸਾਬੂ ਸੇਠੀ, ਵਿੱਕੀ ਬੈਕਟਰ, ਰਿੱਕੀ ਬੈਕਟਰ, ਐਨੀ ਸ਼ਰਮਾ, ਸੁਨੀਲ ਰਤਨ, ਹਰਮਨ ਰਤਨ, ਪਰਿਆਸੂ ਤਿਵਾੜੀ, ਦੁਸ਼ਿਅੰਤ ਕਪਿਲਾ, ਜੋਬਨਪ੍ਰੀਤ ਸਿੰਘ, ਰਾਜ ਕੁਮਾਰ ਸਹੋਤਾ , ਬਲਵਿੰਦਰ ਸਿੰਘ ਟੋਨੀ ਆਦਿ ਹਾਜ਼ਰ ਹੋਏ । ਇਸ ਮੌਕੇ ਹਲਕਾ ਵਿਧਾਇਕ ਇਜ਼ੀ ਮਨਵਿੰਦਰ ਸਿੰਘ ਗਿਆਸਪੁਰਾ, ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ ਤੇ ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਰਾਣਾ ਕੂੰਨਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਜ਼ਿਮਨੀ ਚੋਣ ਵਿੱਚ ਭਾਰੀ ਬਹੁਮਤ ਨਾਲ ਜਿੱਤ ਦਰਜ ਕਰੇਗੀ ।ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਦੇ ਭਲੇ ਲਈ ਕੀਤੇ ਜਾ ਰਹੇ ਫੈਸਲਿਆਂ ਸਦਕਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਹੋਰ ਤੱਰਕੀ ਦੀਆਂ ਲੀਹਾਂ ਤੇ ਜਾਵੇਗਾ ।

# ਇਲਾਕੇ ਵਿੱਚ ਵਿਕ ਰਹੇ ਨਸ਼ਿਆਂ ਖ਼ਿਲਾਫ਼ ਚੱਕਾ ਜਾਮ

ਜਗਰਾਉ,
-ਰੋਜ਼ਾਨਾ ਸਵੇਰਾ-



ਬੇਟ ਇਲਾਕੇ ਵਿੱਚ ਪਿਛਲੇ ਸਮੇਂ 'ਚ ਨਸ਼ਿਆਂ ਨਾਲ ਹੋਈਆਂ ਨੌਜਵਾਨਾਂ ਦੀਆਂ ਮੌਤਾਂ ਤੋਂ ਅੱਕੇ ਲੋਕਾਂ ਨੇ ਅੱਜ ਕਸਬਾ ਸਿੱਧਵਾਂ ਬੇਟ ਦੇ ਕਿਸ਼ਨਪੁਰਾ ਚੌਕ 'ਚ ਧਰਨਾ ਲਾ ਕੇ ਚੱਕਾ ਜਾਮ ਕੀਤਾ। ਥੋੜ੍ਹੀ ਦੇਰ ਅੰਦਰ ਹੀ ਜਗਰਾਉਂ-ਜਲੰਧਰਮੁੱਖ ਮਾਰਗ 'ਤੇ ਟਰੈਫਿਕ ਜਾਮ ਲੱਗ ਗਿਆ। 'ਚਿੱਟੇ' ਸਮੇਤ ਹੋਰ ਨਸ਼ਿਆਂ ਖ਼ਿਲਾਫ਼ ਭੜਕੇ ਲੋਕਾਂ ਨੇ ਰੱਜ ਕੇ ਭੜਾਸ ਕੱਢੀ ਅਤੇ ਨਸ਼ਿਆਂ ਦੀ ਰੋਕਥਾਮ ਲਈ ਪ੍ਰਭਾਵੀ ਕਦਮ ਚੁੱਕ ਕੇ ਨਤੀਜੇ ਦੇਣ 'ਤੇ ਜ਼ੋਰ ਦਿੱਤਾ।

ਇਹ ਧਰਨਾ 'ਸੋਚ-ਏ-ਪੰਜਾਬ' ਦੇ ਕਾਰਕੁਨਾਂ ਦੀ ਅਗਵਾਈ ਹੇਠ ਦਿੱਤਾ ਗਿਆ, ਜਿਸ 'ਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਵੀ ਸ਼ਾਮਲ ਸਨ। ਧਰਨਾਕਾਰੀਆਂ ਨੇ ਬੇਟ ਦੇ ਕੁਝ ਪਿੰਡਾਂ ਕੁੱਲ ਗਹਿਣਾ, ਖੁਰਸ਼ੈਦਪੁਰਾ, ਸਲੇਮਪੁਰਾ ਟਿੱਬਾ, ਮਲਸੀਹਾਂ ਬਾਜਣ ਪੁਲ ਆਦਿ ਦਾ ਨਾਂ ਲੈ ਕੇ ਕਿਹਾ ਕਿ ਇੱਥੇ ਧੜੱਲੇ ਨਾਲ 'ਚਿੱਟਾ' ਵਿਕਦਾ ਹੈ ਤੇ ਤਸਕਰਾਂ ਨੂੰ ਸਰਕਾਰ ਜਾਂ ਪੁਲੀਸ ਦਾ ਕੋਈ ਡਰ ਨਹੀਂ ਜਾਪਦਾ।

ਸੁਰਜੀਤ ਸਿੰਘ, ਜਸਵੰਤ ਸਿੰਘ ਤੇ ਕਰਨੈਲ ਸਿੰਘ ਆਦਿ ਨੇ ਕਿਹਾ ਕਿ ਪੁਲੀਸ ਪ੍ਰਸ਼ਾਸਨ ਨੂੰ ਨਸ਼ਾ ਤਸਕਰਾਂ ਦੀਆਂ ਸੂਚੀਆਂ ਦੇਣ ਦੇ ਬਾਵਜੂਦ ਵੀ ਅਜੇ ਤੱਕ ਉਨ੍ਹਾਂ (ਨਸ਼ਾ ਤਸਕਰਾਂ) ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਰਿਹਾ।

ਉਨ੍ਹਾਂ ਕਿਹਾ ਕਿ ਇਲਾਕੇ 'ਚ ਨਸ਼ਾ ਇੰਨਾ ਵਧ ਗਿਆ ਹੈ ਕਿ ਨਸ਼ੇ ਦੇ ਆਦੀ ਲੋਕਾਂ ਤੱਕ ਨਸ਼ਾ ਸੁਖਾਲਾ ਹੀ ਪਹੁੰਚ ਰਿਹਾ ਹੈ।ਰੋਸ ਧਰਨੇ 'ਚ ਪੁੱਜੇ ਇਕ ਦੁਕਾਨਦਾਰ ਨੇ ਤਾਂ ਥਾਣਾ ਮੁਖੀ ਦੀ ਹਾਜ਼ਰੀ 'ਚ ਇਕ ਥਾਣੇਦਾਰ 'ਤੇ ਹੀ ਕਥਿਤ ਰਿਸ਼ਵਤ ਮੰਗਣ ਦਾ ਦੋਸ਼ ਲਾਉਂਦੇਹੋਏ ਪੈਸੇ ਮੰਗਣ ਦੀ ਵੀਡੀਓ ਵੀ ਵਿਖਾਈ। ਥਾਣਾ ਸਿੱਧਵਾਂ ਬੇਟ ਦੇ ਇੰਚਾਰਜ ਇੰਸਪੈਕਟਰ ਸੁਨੀਲ ਕੁਮਾਰ ਨੇ ਧਰਨੇ 'ਚ ਪਹੁੰਚ ਕੇ ਲੋਕਾਂ ਨੂੰ ਭਰੋਸਾ ਦਿੱਤਾ ਕਿ 'ਚਿੱਟੇ' ਦਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਇਕ ਮਹੀਨੇ ਦੇ ਅੰਦਰ ਸਲਾਖਾਂ ਪਿੱਛੇ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਇਕ ਮਹੀਨੇ ਦਾ ਸਮਾਂ ਮੰਗ ਕੇ ਨਸ਼ੇ ਖ਼ਤਮ ਕਰਨ ਦਾ ਭਰੋਸਾ ਦੇਣ ਮਗਰੋਂ ਧਰਨਾ ਚੁੱਕ ਲਿਆ ਗਿਆ। ਜਗਰਾਉਂ-ਜਲੰਧਰਮੁੱਖ ਮਾਰਗ 'ਤੇ ਜਦੋਂ ਇਹ ਧਰਨਾ ਚੱਲ ਰਿਹਾ ਸੀ ਤਾਂ ਉਸੇ ਦੌਰਾਨ ਨਕੋਦਰ ਤੋਂ ਹਾਕਮ ਧਿਰ 'ਆਪ' ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਦਾ ਕਾਫਲਾ ਆ ਗਿਆ। ਇਹ ਕਾਫਲਾ ਸੰਗਰੂਰ ਜ਼ਿਮਨੀ ਚੋਣ ਸਬੰਧੀ ਰੈਲੀ ਵਾਸਤੇ ਜਾ ਰਿਹਾ ਸੀ।

ਕਾਫਲੇ ਬਾਰੇ ਪਤਾ ਲੱਗਣ 'ਤੇ ਧਰਨਾਕਾਰੀਆਂ ਨੇ 'ਆਪ' ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਕਾਫਲੇ ਨੂੰ ਲੰਘਣ ਲਈ ਰਾਹ ਨਹੀਂ ਦਿੱਤਾ।ਅਖੀਰ ਵਿਧਾਇਕਾ ਨੂੰ ਗੱਡੀਆਂ ਦੇ ਕਾਫਲੇ ਸਣੇ ਪਰਤਣਾ ਪਿਆ।

# ਪੰਜਾਬ ਸਰਕਾਰ ਦਸ਼ਮੇਸ਼ ਕਨਾਲ ਪ੍ਰੋਜੈਕਟ ਤੇ ਤੁਰੰਤ ਕੰਮ ਸ਼ੁਰੂ ਕਰੇ -ਰਤਨ ਲਾਲ ਸਿੰਗਲਾ

ਲੌਂਗੋਵਾਲ,
-ਰੋਜ਼ਾਨਾ ਸਵੇਰਾ-



ਸੰਗਰੂਰ ਲੋਕ ਸਭਾ ਹਲਕੇ ਦੀ ਹੋ ਰਹੀ ਜਿਮਨੀ ਚੋਣ ਵਿੱਚ ਖੱਬੇ-ਪੱਖੀ ਲਹਿਰ ਦੇ ਸਾਂਝੇ ਪ੍ਰਤੀਨਿਧ ਰਤਨ ਲਾਲ ਸਿੰਗਲਾ ਅਤੇ ਆਰਐਸਪੀ ਦੇ ਸੂਬਾ ਸਕੱਤਰ ਕਾਮਰੇਡ ਕਰਨੈਲ ਸਿੰਘ ਇਕੋਲਾਹਾ ਨੇ ਪ੍ਰੈਸ ਬਿਆਨ ਵਿੱਚ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਸ਼ਮੇਸ਼ ਕਨਾਲ ਪ੍ਰੋਜੈਕਟ ਉੱਤੇ ਤੁਰੰਤ ਕੰਮ ਸ਼ੁਰੂ ਕਰੇ । ਉਨ੍ਹਾਂ ਅੱਗੇ ਕਿਹਾ ਕਿ ਦਸਮੇਸ਼ ਕਨਾਲ ਰਾਹੀਂ ਮੁਹਾਲੀ ਜ਼ਿਲ੍ਹੇ ਨੂੰ ਨਹਿਰੀ ਪਾਣੀ ਦਿੱਤਾ ਜਾਣਾ ਹੈ। ਉਹਨਾਂ ਕਿਹਾ ਹੈ ਕਿ ਕਾਂਗਰਸ ਸਰਕਾਰ ਵੇਲੇ ਵੀ ਇਹ ਮੁੱਦਾ ਚੁੱਕਿਆ ਗਿਆ ਸੀ ਅਤੇ ਵਿਧਾਨ ਸਭਾ ਦੀ ਬਣੀ ਕਮੇਟੀ ਹੇਠ ਇਕ ਬੇਸਿਕ ਰਿਪੋਰਟ ਵੀ ਬਣੀ ਸੀ ।ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਅੰਦਾਜ਼ਨ ਬਜਟ 3200 ਕਰੋੜ ਰੁਪਏ ਦਾ ਬਣਦਾ ਹੈ ਅਤੇ ਇਸ ਨਹਿਰ ਰਾਹੀਂ ਪੁਆਧ ਦੇ ਇਲਾਕੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹ ਨਹਿਰ ਪਟਿਆਲਾ ਅਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵੱਡੇ ਹਿੱਸੇ ਨੂੰ ਵੀ ਪਾਣੀ ਦੇ ਸਕਦੀ ਹੈ। ਉਹਨਾਂ ਕਿਹਾ ਹੈ ਕਿ ਇਹ ਰਿਪੋਰਟ ਸਨ 2020 ਵਿੱਚ ਤਿਆਰ ਕੀਤੀ ਗਈ ਸੀ। ਇਸ ਨਹਿਰ ਲਈ ਲੋੜੀਂਦਾ ਪਾਣੀ ਪੰਜਾਬ ਕੋਲ ਮੌਜੂਦ ਹੈ ਅਤੇ ਸੂਬਾ ਸਰਕਾਰ ਨੇ ਹੀ ਇਹ ਨਿਵੇਸ਼ ਕਰਨਾ ਹੈ।



# ਦਫ਼ਤਰ ਨਗਰ ਪੰਚਾਇਤ, ਮਹਿਰਾਜ (ਬਠਿੰਡਾ)

## ਇਸ਼ਤਿਹਾਰ

☛ ਸਵੱਛ ਭਾਰਤ ਮਿਸ਼ਨ ਤਹਿਤ ਹਰ ਵਿਅਕਤੀ ਆਪਣੇ ਘਰ/ਦੁਕਾਨਾਂ ਦਾ ਕੂੜਾ ਅਲੱਗ ਅਲੱਗ (ਗਿੱਲਾ, ਸੁੱਕਾ) ਰੇਹੜੀ ਵਾਲਿਆ ਨੂੰ ਪਾਇਆ ਜਾਵੇ। ਅਗਰ ਕੋਈ ਵਿਅਕਤੀ ਕੂੜਾ ਖਾਲੀ ਪਲਾਟ/ਜਗ੍ਹਾਂ ਜਾਂ ਡੰਪ ਉਪਰ ਸੁੱਟਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾ ਵੀ ਵਸੂਲਿਆ ਜਾਵੇਗਾ।

☛ ਸਰਕਾਰ ਵੱਲੋਂ ਸਿੰਗਲ ਯੂਜ ਪਲਾਸਟਿਕ ਕੈਰੀਬੈਗ ਤੇ ਪੂਰਤ ਤੌਰ ਤੇ ਪਾਬੰਦੀ ਲਗਾਈ ਗਈ ਹੈ। ਅਗਰ ਕੋਈ ਵਿਅਕਤੀ/ਦੁਕਾਨਦਾਰ ਸਿੰਗਲ ਯੂਜਰ ਪਲਾਸਟਿਕ ਕੈਰੀਬੈਗ ਦੀ ਵਰਤੋਂ ਕਰਦਾ/ਵੇਚਦਾ ਪਾਇਆ ਗਿਆ ਤਾਂ ਉਸਦਾ ਚਲਾਨ ਕੀਤਾ ਜਾਵੇਗੀ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ।

☛ ਆਪਣੀ ਜਗ੍ਹਾਂ/ਦੁਕਾਨ/ਮਕਾਨ ਦਾ ਬਣਦਾ ਪ੍ਰਾਪਰਟੀ ਟੈਕਸ ਆਦਿ ਦਫ਼ਤਰ ਨਗਰ ਪੰਚਾਇਤ, ਮਹਿਰਾਜ ਪਾਸ ਤੁਰੰਤ ਜਮ੍ਹਾ ਕਰਵਾਇਆ ਜਾਵੇ। ਇਸ ਤੋਂ ਇਕੱਠਾ ਪੈਸਾ ਸ਼ਹਿਰ ਦੀ ਭਲਾਈ ਲਈ ਹੀ ਵਰਤਿਆ ਜਾਦਾ ਹੈ।

☛ਬਰਸਾਤ ਦਾ ਮੌਸਮ ਹੋਣ ਕਰਕੇ ਕੂਲਰਾਂ ਅਤੇ ਰਬੜ ਦੇ ਪੁਰਾਣੇ ਟਾਇਰਾਂ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤੇ ਕਿ ਡੇਗੂ ਤੋਂ ਬਚਾਅ ਕੀਤਾ ਜਾ ਸਕੇ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਮਹਿਰਾਜ

# ਸਿੱਧੂ ਮੂਸੇਵਾਲਾ ਨੂੰ ਨਿਆਂ ਮਿਲਣਾ ਚਾਹੀਦੈ: ਗਿੱਪੀ ਗਰੇਵਾਲ



ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਮਹਰੂਮ ਗਾਇਕ ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ ਇੰਸਟਾਗ੍ਰਾਮ ’ਤੇ ਇੱਕ ਭਾਵੁਕ ਨੋਟ ਸਾਂਝਾ ਕੀਤਾ ਹੈ, ਜਿਸ ਇਸ ਵਿੱਚ ਉਸ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਗਾਇਕ ਤੋਂ ਸਿਆਸਤਦਾਨ ਬਣੇ ਸਿੱਧੂ ਮੂਸੇਵਾਲਾ ਦੀ ਲੰਘੀ 29 ਮਈ ਨੂੰ ਹੱਤਿਆ ਕਰ ਦਿੱਤੀ ਗਈ ਸੀ ਅਤੇ 11 ਜੂਨ ਨੂੰ ਉਸ ਦਾ 29ਵਾਂ ਜਨਮ ਦਿਨ ਸੀ।

ਮੂਸੇਵਾਲਾ ਦੇ ਪ੍ਰਸ਼ੰਸਕਾਂ ਤੇ ਦੋਸਤਾਂ ਵੱਲੋਂ ਉਸ ਨੂੰ ਲਗਾਤਾਰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਹਨ। ਗਿੱਪੀ ਗਰੇਵਾਲ ਨੇ ਸਿੱਧੂ ਮੂਸੇਵਾਲਾ ਨਾਲ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਅਤੇ ਪੰਜਾਬੀ ਸੰਗੀਤ ਤੇ ਫਿਲਮ ਜਗਤ ਬਾਰੇ ਉਸ ਦੇ ਸੁਫ਼ਨੇ ਦੀ ਗੱਲ ਕੀਤੀ ਹੈ। ਉਸ ਨੇ ਲਿਖਿਆ, “ਸਿੱਧੂ ਦਾ ਸੁਫ਼ਨਾ ਸੀ ਕਿ ਪੰਜਾਬੀ ਸੰਗੀਤ ਤੇ ਫ਼ਿਲਮ ਜਗਤ ਅੱਵਲ ਦਰਜਾ ਹਾਸਲ ਕਰੇ। ਉਹ ਇਹ ਗੱਲ ਆਮ ਕਹਿੰਦਾ ਸੀ ਕਿ ਸਾਡਾ ਮੁਕਾਬਲਾ ਇੱਕ ਦੂਜੇ ਨਾਲ ਨਹੀਂ ਸਗੋਂ ਕੌਮਾਂਤਰੀ ਕਲਾਕਾਰਾਂ ਨਾਲ ਹੈ। ਹੁਣ, ਉਸ ਦੀ ਮੌਤ ਮਗਰੋਂ ਪੰਜਾਬੀ ਕਲਾਕਾਰ ਇਸ ਗੱਲੋਂ ਇੱਕ-ਦੂਜੇ ਨਾਲ ਲੜ ਰਹੇ ਹਨ ਕਿ ਕੌਣ ਉਸ ਦੇ ਘਰ ਗਿਆ ਅਤੇ ਕੌਣ ਸ਼ੋਅ ਕਰਨ ਗਿਆ।

ਗਿੱਪੀ ਮੁਤਾਬਕ ਸਿਰਫ ਇੱਕ ਗੱਲ ਮਾਅਨੇ ਰੱਖਦੀ ਹੈ ਅਤੇ ਉਹ ਇਹ ਹੈ ਕਿ ਸਿੱਧੂ ਮੂਸੇਵਾਲਾ ਨੂੰ ਨਿਆਂ ਮਿਲਣਾ ਚਾਹੀਦਾ ਹੈ। ਪੰਜਾਬੀ ਵਿੱਚ ਲਿਖੇ ਪੱਤਰ ਵਿੱਚ ਗਿੱਪੀ ਗਰੇਵਾਲ ਨੇ ਕਲਾਕਾਰਾਂ ਨੂੰ ਸਾਲ ਵਿੱਚ ਦੋ ਤਿੰਨ ਵਾਰ ਸਿੱਧੂ ਮੂਸੇਵਾਲਾ ਮਾਪਿਆਂ ਕੋਲ ਗੇੜਾ ਮਾਰਨ ਦੀ ਅਪੀਲ ਵੀ ਕੀਤੀ ਹੈ।

# ਮੂਸੇਵਾਲਾ ਦਾ ਗੀਤ ‘295’ ਬਿਲਬੋਰਡ ਗਲੋਬਲ 200 ਚਾਰਟ ’ਚ ਸ਼ਾਮਲ



ਇੰਟਰਨੈੱਟ ਦੀ ਦੁਨੀਆ ਵਿੱਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਪ੍ਰਸਿੱਧੀ ਵਧਣ ਲੱਗੀ ਹੈ ਕਿਉਂਕਿ ਅੱਜ ਮੂਸੇਵਾਲਾ ਦੇ ਗੀਤ ‘295’ ਨੇ “ਬਿਲਬੋਰਡ ਗਲੋਬਲ 200 ਚਾਰਟ” ਵਿੱਚ ਥਾਂ ਬਣਾ ਲਈ ਹੈ। ਸਿੱਧੂ ਮੂਸੇਵਾਲਾ ਵਜੋਂ ਜਾਣੇ ਜਾਂਦੇ ਸ਼ੁਭਦੀਪ ਸਿੰਘ ਦੇ ਭਾਰਤ ਵਿੱਚ ‘ਸੋ ਹਾਈ’, ‘ਸੇਮ ਬੀਫ’, ‘ਦਿ ਲਾਸਟ ਰਾਈਡ’ ਅਤੇ ‘ਜਸਟ ਲਿਸਨ’ ਵਰਗੇ ਗੀਤਾਂ ਦੇ ਬਹੁਤ ਸਾਰੇ ਚਾਹੁਣ ਵਾਲੇ ਹਨ। ਉਸ ਦੀ ਹੱਤਿਆ ਤੋਂ ਬਾਅਦ ਗਲੋਬਲ ਡਾਇਸਪੋਰਾ ਨੇ ਗਾਇਕ ਦੀ ਡਿਸਕੋਗ੍ਰਾਫੀ ਦੀ ਪੜਚੋਲ ਕਰਨੀ ਸ਼ੁਰੂ ਕਰ ਦਿੱਤੀ ਹੈ। ਮੂਸੇਵਾਲਾ ਦਾ ਗੀਤ ‘295’ ਬਿਲਬੋਰਡ ਗਲੋਬਲ 200 ਚਾਰਟ ’ਤੇ ਅੱਜ 154ਵੇਂ ਸਥਾਨ ’ਤੇ ਪੁੱਜ ਗਿਆ। ਇਸ ਸੂਚੀ ਵਿੱਚ ਅਮਰੀਕੀ ਗਾਇਕਾ ਕੇਟ ਬੁਸ਼ ਦਾ ‘ਰਨਿੰਗ ਅੱਪ ਦੈਟ ਹਿੱਲ (ਏ ਡੀਲ ਵਿਦ ਗੌਡ)’ ਸਭ ਤੋਂ ਉੱਪਰ ਹੈ ਅਤੇ ਇਸ ਵਿੱਚ ਹੈਰੀ ਸਟਾਈਲਜ਼, ਬੈਡ ਬੰਨੀ, ਲਿਜ਼ੋ, ਕੈਮਿਲਾ ਕਬੈਲੋ, ਐਡ ਸ਼ੀਰਨ ਅਤੇ ਜਸਟਿਨ ਬੀਬਰ ਵਰਗਿਆਂ ਦੇ ਗੀਤ ਵੀ ਸ਼ਾਮਲ ਹਨ।

ਮੂਸੇਵਾਲਾ ਦਾ ‘295’ ਦਾ ਵੀਡੀਓ ਜੁਲਾਈ 2021 ਵਿੱਚ ਰਿਲੀਜ਼ ਹੋਇਆ ਸੀ। ਇਹ ਗੀਤ ਯੂ-ਟਿਊਬ ’ਤੇ ਛਾਇਆ ਹੋਇਆ ਹੈ। ‘295’ ਨੂੰ ਹੁਣ ਤਕ 200 ਮਿਲੀਅਨ ਲੋਕ ਵੇਖ ਚੁੱਕੇ ਹਨ ਅਤੇ ਇਹ ਟਰੈਕ ਇਸ ਦੇ ਸਿਖਰਲੇ 100 ਸੰਗੀਤ ਵੀਡੀਓਜ਼ ਗਲੋਬਲ ਚਾਰਟ ਵਿੱਚ ਤੀਜੇ ਸਥਾਨ ’ਤੇ ਪੁੱਜ ਗਿਆ ਹੈ। ਮੂਸੇਵਾਲਾ ਦਾ ਇੱਕ ਹੋਰ ਗੀਤ ‘ਦਿ ਲਾਸਟ ਰਾਈਡ’ ਵੀ ਹੁਣ ਛੇਵੇਂ ਸਥਾਨ ’ਤੇ ਪੁੱਜ ਚੁੱਕਾ ਹੈ। ਇਸ ਵੀਡੀਓ ਨੂੰ ਯੂ-ਟਿਊਬ ’ਤੇ 73 ਮਿਲੀਅਨ ਤੋਂ ਵੱਧ ਲੋਕ ਵੇਖ ਚੁੱਕੇ ਹਨ। ਦੱਸਣਯੋਗ ਹੈ ਕਿ ਮੂਸੇਵਾਲਾ ਦੀ 29 ਮਈ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।




# ਨਵਾਜ਼ੂਦੀਨ ਤੇ ਸੰਜੈ ਮਿਸ਼ਰਾ ਦੀ ‘ਹੋਲੀ ਕਾਓ’ 22 ਅਗਸਤ ਨੂੰ ਹੋਵੇਗੀ ਰਿਲੀਜ਼



ਬੌਲੀਵੁੱਡ ਅਦਾਕਾਰ ਨਵਾਜ਼ੂਦੀਨ ਸਿੱਦੀਕੀ ਅਤੇ ਸੰਜੈ ਮਿਸ਼ਰਾ ਦੀ ਨਵੀਂ ਫ਼ਿਲਮ ‘ਹੋਲੀ ਕਾਓ’ ਦੀ ਰਿਲੀਜ਼ ਮਿਤੀ ਆਖਿਰਕਾਰ ਤੈਅ ਕਰ ਦਿੱਤੀ ਗਈ ਹੈ। ਇਹ ਫ਼ਿਲਮ 22 ਅਗਸਤ ਨੂੰ ਰਿਲੀਜ਼ ਕੀਤੀ ਜਾਵੇਗੀ। ਸਾਈ ਕਬੀਰ ਵੱਲੋਂ ਨਿਰਦੇਸ਼ਿਤ ਇਹ ਫ਼ਿਲਮ ਇੱਕ ਰਾਤ ਦੀਆਂ ਘਟਨਾਵਾਂ ’ਤੇ ਆਧਾਰਿਤ ਇੱਕ ‘ਡਾਰਕ ਕਾਮੇਡੀ’ ਹੈ, ਜਿਸ ਵਿੱਚ ਸਲੀਮ ਅੰਸਾਰੀ ਆਪਣੀ ਗੁਆਚੀ ਹੋਈ ਗਾਂ ਰੁਖ਼ਸਾਰ ਨੂੰ ਲੱਭਣ ਦਾ ਯਤਨ ਕਰ ਰਿਹਾ ਹੈ। ਇਸ ਫਿਲਮ ਵਿੱਚ ਉੱਘਾ ਅਦਾਕਾਰ ਤੇ ਫਿਲਮ ਨਿਰਮਾਤਾ ਤਿਗਮਾਂਸ਼ੂ ਧੂਲੀਆ ਵੀ ਦਿਖਾਈ ਦੇਵੇਗਾ। ਸਾਈ ਕਬੀਰ ਇਸ ਤੋਂ ਪਹਿਲਾਂ ‘ਰਿਵਾਲਵਰ ਰਾਨੀ’, ‘ਦਿ ਸ਼ੌਕੀਨਜ਼’ ਅਤੇ ‘ਕਿਸਮਤ ਕੁਨੈਕਸ਼ਨ’ ਵਰਗੀਆਂ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਸੰਜੈ ਮਿਸ਼ਰਾ ਪਿਛਲੀ ਵਾਰ ‘ਭੂਲ ਭੁਲੱਈਆ-2’ ਵਿੱਚ ਅਤੇ ਨਵਾਜ਼ੂਦੀਨ ਸਿੱਦੀਕੀ ‘ਹੀਰੋਪੰਤੀ-2’ ਵਿੱਚ ਦਿਖਾਈ ਦਿੱਤਾ ਸੀ। ਫਿਲਮ ‘ਹੋਲੀ ਕਾਓ’ ਵਾਈਟੀ ਐਂਟਰਟੇਨਮੈਂਟ ਦੇ ਬੈਨਰ ਹੇਠ ਆਲੀਆ ਸਿੱਦੀਕੀ ਤੇ ਬਲਜਿੰਦਰ ਖੰਨਾ ਵੱਲੋਂ ਤਿਆਰ ਕੀਤੀ ਗਈ ਹੈ।

# ਮੇਰੇ ਪਤੀ ਦੇਸ਼ ਦੇ ਕੋਹਿਨੂਰ ਤੇ ਉਨ੍ਹਾਂ ਨੂੰ ਭਾਰਤ ਰਤਨ ਮਿਲੇ: ਸਾਇਰਾ ਬਾਨੋ



ਅਭਿਨੇਤਰੀ ਸਾਇਰਾ ਬਾਨੋ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮਰਹੂਮ ਪਤੀ ਅਤੇ ਅਦਾਕਾਰ ਦਿਲੀਪ ਕੁਮਾਰ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਉਹ ਦੇਸ਼ ਦੇ ‘ਕੋਹਿਨੂਰ’ ਹਨ। ਸਾਇਰਾ ਨੇ ਬੀਤੀ ਸ਼ਾਮ ਭਾਰਤ ਰਤਨ ਡਾ. ਅੰਬੇਡਕਰ ਪੁਰਸਕਾਰ ਸਮਾਰੋਹ ’ਚ ਸ਼ਿਰਕਤ ਕੀਤੀ, ਜਿੱਥੇ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਦਿਲੀਪ ਕੁਮਾਰ ਨੂੰ ਸਨਮਾਨਿਤ ਕੀਤਾ। ਦਿਲੀਪ ਕੁਮਾਰ ਦਾ ਪਿਛਲੇ ਸਾਲ 98 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਸਮਾਗਮ ਵਿੱਚ ਸ੍ਰੀ ਅਠਾਵਲੇ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਿੰਦੀ ਸਿਨੇਮਾ ਦੇ ਮਹਾਨ ਅਦਾਕਾਰ ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਪੁਰਸਕਾਰ ਭਾਰਤ ਰਤਨ ਪ੍ਰਦਾਨ ਕਰਨ ਬਾਰੇ ਵਿਚਾਰ ਕਰਨ ਦੀ ਬੇਨਤੀ ਕਰਨਗੇ। ਇਸ ਬਾਰੇ ਪੁੱਛਣ ’ਤੇ ਸਾਇਰਾ ਬਾਨੋ ਨੇ ਪੱਤਰਕਾਰਾਂ ਨੂੰ ਕਿਹਾ, ‘ਅਜਿਹਾ ਹੋਣਾ ਚਾਹੀਦਾ ਹੈ, ਕਿਉਂਕਿ ਦਿਲੀਪ ਸਾਹਿਬ ਸਾਡੇ ਦੇਸ਼ ਦੇ ਕੋਹਿਨੂਰ ਹਨ। ਇਸ ਲਈ ਕੋਹਿਨੂਰ ਨੂੰ ਭਾਰਤ ਰਤਨ ਮਿਲਣਾ ਚਾਹੀਦਾ ਹੈ।’

# ‘ਪੌਸ਼ਟਿਕ ਭੋਜਨ’ ਬਾਰੇ ਪੁਸਤਕ ਲਿਖੇਗੀ ਮਲਾਇਕਾ ਅਰੋੜਾ



ਬੌਲੀਵੁੱਡ ਅਦਾਕਾਰਾ ਮਲਾਇਕਾ ਅਰੋੜਾ ਲੇਖਿਕਾ ਬਣਨ ਜਾ ਰਹੀ ਹੈ। ਹਾਲਾਂਕਿ ਉਸ ਦੀ ਕਿਤਾਬ ਦਾ ਹਾਲੇ ਤੱਕ ਨਾਮ ਨਹੀਂ ਰੱਖਿਆ ਗਿਆ ਪਰ ਉਹ ਜਲਦ ਹੀ ‘ਪੌਸ਼ਟਿਕ ਭੋਜਨ’ ਬਾਰੇ ਪੁਸਤਕ ਲਿਖੇਗੀ ਜਿਸ ਸਬੰਧੀ ਕੰਮ ਚੱਲ ਰਿਹਾ ਹੈ। ਇਹ ਪੁਸਤਕ ਪਾਠਕਾਂ ਨੂੰ ਰੋਜ਼ਾਨਾ ਚੰਗਾ ਖਾਣ-ਪੀਣ ਬਾਰੇ ਜਾਗਰੂਕ ਕਰੇਗੀ। ਇਸ ਪੁਸਤਕ ਰਾਹੀਂ ਭੋਜਨ ਦੇ ਅਹਿਮ ਤੱਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜਿਨ੍ਹਾਂ ਰਾਹੀਂ ਸਹੀ ਖਾਣ-ਪੀਣ ਤੇ ਤੰਦਰੁਸਤੀ ਅਤੇ ਭੋਜਨ ਦੀ ਘਾਟ ਕਾਰਨ ਆਉਂਦੀਆਂ ਦਿੱਕਤਾਂ ਬਾਰੇ ਦੱਸਿਆ ਜਾਵੇਗਾ। ਪੁਸਤਕ ਬਾਰੇ ਗੱਲਬਾਤ ਕਰਦਿਆਂ ਮਲਾਇਕਾ ਨੇ ਆਖਿਆ, “ਮੇਰਾ ਮਕਸਦ ਹਮੇਸ਼ਾਂ ਸਿਹਤ ਬਾਰੇ ਜਾਗਰੂਕ ਕਰਨਾ ਰਿਹਾ ਹੈ। ਇਹ ਕਿਤਾਬ ਸਾਡੀ ਅੰਤਰਦ੍ਰਿਸ਼ਟੀ ਨੂੰ ਵੱਡੇ ਪੱਧਰ ’ਤੇ ਲੋਕਾਂ ਨਾਲ ਸਾਂਝਾ ਕਰਨ ਵਿੱਚ ਸਹਾਈ ਹੋਵੇਗੀ। ਮੈਂ ਆਪਣੀ ਸਿਹਤ ਦੀ ਚੰਗੀ ਤਰ੍ਹਾਂ ਸੰਭਾਲ ਕਰਨ ਦੇ ਵਿਆਪਕ ਪੱਧਰ ’ਤੇ ਯਤਨਾਂ ਦੀ ਹਮਾਇਤ ਕਰਦੀ ਹਾਂ। ਕਿਸੇ ਇੱਕ ਪੱਖ ਉੱਤੇ ਧਿਆਨ ਕੇਂਦਰਿਤ ਕਰਨਾ ਦੂਜੇ ਪੱਖ ਲਈ ਮਦਦਗਾਰ ਨਹੀਂ ਹੁੰਦਾ। ਇਸ ਕਿਤਾਬ ਰਾਹੀਂ ਅੰਦਰੂਨੀ ਤੌਰ ’ਤੇ ਸਿਹਤਯਾਬ ਰਹਿਣ ਬਾਰੇ ਜਾਗਰੂਕ ਕਰਨ ਦਾ ਯਤਨ ਕੀਤਾ ਜਾਵੇਗਾ ਕਿਉਂਕਿ ਸਾਡੇ ਕੋਲ ਮਸਾਂ ਕੋਈ ਅਜਿਹੀ ਪੁਸਤਕ ਹੋਵੇਗੀ ਜਿਹੜੀ ਹਰ ਪੱਖੋਂ ਸਿਹਤ ਦੀ ਤੰਦਰੁਸਤੀ ਦੀ ਗੱਲ ਕਰਦੀ ਹੋਵੇ।” ਇਸ ਕਿਤਾਬ ਲਈ ‘ਸਨਫਲਾਰ ਸੀਡਜ਼’ ਵੱਲੋਂ ਵੀ ਯੋਗਦਾਨ ਦਿੱਤਾ ਗਿਆ ਹੈ। ਐੱਲਏਪੀ ਵੈਂਚਰਜ਼ ਦੀ ਪੱਲਵੀ ਬਰਮਨ ਨੇ ਕਿਹਾ ਕਿ ਉਨ੍ਹਾਂ ਨੂੰ ਮਲਾਇਕਾ ਅਰੋੜਾ ਅਤੇ ਸਨਫਲਾਰ ਸੀਡਜ਼ ਨਾਲ ਸਾਂਝੇਦਾਰੀ ਕਰ ਕੇ ਖ਼ੁਸ਼ੀ ਹੋ ਰਹੀ ਹੈ। ਇਸ ਕਿਤਾਬ ਵਿੱਚ ਸਿਹਤ ਤੇ ਤੰਦਰੁਸਤੀ ਨੂੰ ਬਰਕਰਾਰ ਰੱਖਣ ’ਤੇ ਜ਼ੋਰ ਦਿੱਤਾ ਗਿਆ ਹੈ।

# ਸਾਰਾ ਨੇ ਸੁਸ਼ਾਂਤ ਨਾਲ ਬਿਤਾਏ ਪਲ ਯਾਦ ਕੀਤੇ





ਫਿਲਮ ਅਦਾਕਾਰਾ ਸਾਰਾ ਅਲੀ ਖਾਨ ਨੇ ਆਪਣੇ ਪਹਿਲੇ ਸਹਿ-ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਹੈ। ਦੱਸਣਾ ਬਣਦਾ ਹੈ ਕਿ ਸੁਸ਼ਾਂਤ ਸਿੰਘ ਰਾਜਪੂਤ ਦਾ 2020 ’ਚ ਦੇਹਾਂਤ ਹੋ ਗਿਆ ਸੀ। ਸਾਰਾ ਨੇ 2018 ਵਿੱਚ ਰਿਲੀਜ਼ ਹੋਈ ਆਪਣੀ ਪਹਿਲੀ ਫਿਲਮ ‘ਕੇਦਾਰਨਾਥ’ ਵਿਚਲੀ ਸੁਸ਼ਾਂਤ ਨਾਲ ਇਕ ਤਸਵੀਰ ਵੀ ਸਾਂਝੀ ਕੀਤੀ। ਉਸ ਨੇ ਤਸਵੀਰ ਨਾਲ ਲਿਖਿਆ ਹੈ, “ਪਹਿਲੀ ਵਾਰ ਕੈਮਰੇ ਦਾ ਸਾਹਮਣਾ ਕਰਨ ਤੋਂ ਲੈ ਕੇ ਆਪਣੀ ਦੂਰਬੀਨ ਨਾਲ ਜੁਪੀਟਰ ਅਤੇ ਚੰਦਰਮਾ ਵੇਖਣ ਤੱਕ। ਤੁਹਾਡੇ ਨਾਲ ਬਿਤਾਈਆਂ ਯਾਦਾਂ ਤਰੋ-ਤਾਜ਼ਾ ਹਨ। ਅਜਿਹੇ ਵਧੀਆ ਪਲ ਦੇਣ ਲਈ ਤੁਹਾਡਾ ਧੰਨਵਾਦ।” ਉਸ ਨੇ ਕਿਹਾ ਕਿ ਅੱਜ ਪੂਰਨਮਾਸ਼ੀ ਦੀ ਰਾਤ ਨੂੰ ਜਦੋਂ ਉਹ ਅਸਮਾਨ ਵੱਲ ਵੇਖਦੀ ਹੈ ਤਾਂ ਉਹ ਜਾਣਦੀ ਹੈ ਕਿ ਤੁਸੀਂ ਉੱਥੇ ਆਪਣੇ ਮਨਪਸੰਦ ਤਾਰਿਆਂ ਅਤੇ ਤਾਰਾਮੰਡਲਾਂ ਦਰਮਿਆਨ ਚਮਕਦੇ ਹੋਵੋਗੇ, ਹੁਣ ਅਤੇ ਹਮੇਸ਼ਾ ਲਈ। ਜ਼ਿਕਰਯੋਗ ਹੈ ਕਿ ‘ਕੇਦਾਰਨਾਥ’ ਅਭਿਸ਼ੇਕ ਕਪੂਰ ਵੱਲੋਂ ਲਿਖੀ ਅਤੇ ਨਿਰਦੇਸ਼ਿਤ ਰੋਮਾਂਟਿਕ ਫਿਲਮ ਹੈ। ਇਹ ਇੱਕ ਅਮੀਰ ਹਿੰਦੂ ਬ੍ਰਾਹਮਣ ਲੜਕੀ ਦੀ ਕਹਾਣੀ ਹੈ ਜੋ ਪਿੱਠੂ ਦਾ ਕੰਮ ਕਰਦੇ ਮੁਸਲਿਮ ਲੜਕੇ ਨੂੰ ਪਿਆਰ ਕਰਦੀ ਹੈ। ਜ਼ਿਕਰਯੋਗ ਹੈ ਕਿ ਸੁਸ਼ਾਂਤ ਨੇ ਮੁੰਬਈ ਦੇ ਬਾਂਦਰਾ ਵਿਚਲੇ ਘਰ ਵਿਚ 14 ਜੂਨ, 2020 ਨੂੰ ਖੁਦਕੁਸ਼ੀ ਕਰ ਲਈ ਸੀ। ਉਸ ਦੀ ਆਖਰੀ ਫਿਲਮ ‘ਦਿਲ ਬੇਚਾਰਾ’ ਉਸ ਦੇ ਦੇਹਾਂਤ ਮਗਰੋਂ ਰਿਲੀਜ਼ ਹੋਈ ਸੀ।

# ਅਰੁਣ ਖੇਤਰਪਾਲ ’ਤੇ ਬਣ ਰਹੀ ਫਿਲਮ ’ਚ ਕੰਮ ਨਹੀਂ ਕਰੇਗਾ ਵਰੁਣ ਧਵਨ



ਅਦਾਕਾਰ ਵਰੁਣ ਧਵਨ ਨੇ ਆਖਿਆ ਕਿ ਉਹ ਸਭ ਤੋਂ ਛੋਟੀ ਉਮਰ ਵਿੱਚ ਪਰਮਵੀਰ ਚੱਕਰ ਪ੍ਰਾਪਤ ਕਰਨ ਵਾਲੇ ਅਰੁਣ ਖੇਤਰਪਾਲ ਦੇ ਜੀਵਨ ਬਾਰੇ ਸ੍ਰੀਰਾਮ ਰਾਘਵਨ ਵੱਲੋਂ ਬਣਾਈ ਜਾਣ ਵਾਲੀ ਫਿਲਮ ਵਿੱਚ ਕੰਮ ਨਹੀਂ ਕਰ ਰਿਹਾ ਹੈ। ਵਰੁਣ ਨੇ ਆਸ ਜਤਾਈ ਕਿ ਇੱਕ ਦਿਨ ਨਿਰਦੇਸ਼ਕ ਕਿਸੇ ਨਵੇਂ ਅਦਾਕਾਰ ਨਾਲ ਇਹ ਫਿਲਮ ਜ਼ਰੂਰ ਬਣਾਏਗਾ। ਦਿਨੇਸ਼ ਵਿਜਾਨ ਵੱਲੋਂ 2019 ਵਿੱਚ ਇਸ ਫਿਲਮ ਦਾ ਐਲਾਨ ਕੀਤਾ ਗਿਆ ਸੀ, ਪਰ ਕਰੋਨਾਵਾਇਰਸ ਕਾਰਨ ਇਹ ਫਿਲਮ ਮੁਲਤਵੀ ਹੁੰਦੀ ਰਹੀ ਹੈ। ਫਿਲਮ ਬਾਰੇ ਗੱਲ ਕਰਦਿਆਂ ਵਰੁਣ ਨੇ ਦੱਸਿਆ, ‘ਜਦੋਂ ਵੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨ ਦੀ ਗੱਲ ਚੱਲੀ ਤਾਂ ਕਰੋਨਾ ਦੇ ਕੇਸ ਵੱਧਦੇ ਰਹੇ। ਮੇਰੀ ਬਹੁਤ ਇੱਛਾ ਸੀ ਕਿ ਮੈਂ ਇਹ ਫਿਲਮ ਕਰਾਂ, ਪਰ ਹੁਣ ਮੇਰੇ ਲਈ ਇਹ ਸੰਭਵ ਨਹੀਂ ਹੈ ਕਿਉਂਕਿ ਹੁਣ ਮੈਂ ਕਈ ਹੋਰ ਪ੍ਰਾਜੈਕਟਾਂ ਵਿੱਚ ਰੁੱਝਿਆ ਹੋਇਆ ਹਾਂ।’ ਜ਼ਿਕਰਯੋਗ ਹੈ ਕਿ ਵਰੁਣ ਧਵਨ ਆਪਣੀ ਫਿਲਮ ‘ਜੁਗ ਜੁਗ ਜੀਓ’ ਦੀ ਰਿਲੀਜ਼ ਦੀਆਂ ਤਿਆਰੀਆਂ ਵਿੱਚ ਰੁਝਿਆ ਹੋਇਆ ਹੈ।

# ‘ਪ੍ਰੋਜੈਕਟ ਕੇ’ ਦੀ ਦੋ ਭਾਸ਼ਾਵਾਂ ਵਿੱਚ ਸ਼ੂਟਿੰਗ ਤੋਂ ਅਮਿਤਾਭ ਖੁਸ਼



ਬੌਲੀਵੁੱਡ ਦਾ ਉੱਘਾ ਅਦਾਕਾਰ ਅਮਿਤਾਭ ਬਚਨ ਇਨ੍ਹੀਂ ਦਿਨੀਂ ਅਦਾਕਾਰ ਪ੍ਰਭਾਸ ਦੀ ਫਿਲਮ ‘ਪ੍ਰੋਜੈਕਟ ਕੇ’ ਦੀ ਹੈਦਰਾਬਾਦ ਵਿੱਚ ਸ਼ੂਟਿੰਗ ਕਰ ਰਿਹਾ ਹੈ। ਅਮਿਤਾਭ ਬੱਚਨ ਨੇ ਦੋ ਭਾਸ਼ਾਵਾਂ ਵਿੱਚ ਸ਼ੂਟਿੰਗ ਕਰਨ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਰੋਮਾਂਚਕ ਹੈ ਪਰ ਕੰਮ ਦਾ ਬਹੁਤ ਬੋਝ ਹੈ। ਅਮਿਤਾਭ ਨੇ ਆਪਣੇ ਬਲੌਗ ’ਤੇ ਲਿਖਿਆ ਹੈ ਕਿ ਕੰਮ ਦੇ ਬੋਝ ਕਾਰਨ ਉਸ ਦੀ ਨੀਂਦ ਉੱਡ ਗਈ ਹੈ। ਉਸ ਨੇ ਲਿਖਿਆ ਕਿ ਦੋ ਭਾਸ਼ਾਵਾਂ ਵਿੱਚ ਕੰਮ ਕਰਨ ਦਾ ਆਪਣਾ ਮਜ਼ਾ ਹੈ ਪਰ ਕੰਮ ਦੇ ਭਾਰ ਕਾਰਨ ਸਮੱਸਿਆ ਆ ਰਹੀ ਹੈ। ਫ਼ਿਲਮ ‘ਪ੍ਰੋਜੈਕਟ ਕੇ’ ਨਾਗ ਅਸ਼ਵਿਨ ਦੇ ਨਿਰਦੇਸ਼ਨ ਹੇਠ ਬਣ ਰਹੀ ਹੈ ਜਿਸ ਵਿੱਚ ਪ੍ਰਭਾਸ ਤੇ ਦੀਪਿਕਾ ਪਾਦੂਕੋਣ ਮੁੱਖ ਭੂਮਿਕਾਵਾਂ ਵਿਚ ਹਨ। ਦੀਪਿਕਾ ਤੇ ਪ੍ਰਭਾਸ ਪਹਿਲੀ ਵਾਰ ਵੱਡੇ ਪਰਦੇ ’ਤੇ ਇਕੱਠੇ ਨਜ਼ਰ ਆਉਣਗੇ। ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਅਦਾਕਾਰਾ ਦੀਪਿਕਾ ਦੀ ਸ਼ੂਟਿੰਗ ਦੌਰਾਨ ਤਬੀਅਤ ਵਿਗੜ ਗਈ ਸੀ ਜਿਸ ਕਰ ਕੇ ਉਸ ਨੂੰ ਹਸਪਤਾਲ ਲਿਜਾਣਾ ਪਿਆ ਸੀ। ਅਦਾਕਾਰਾ ਦਿਸ਼ਾ ਪਟਾਨੀ ਵੀ ਫਿਲਮ ਦਾ ਹਿੱਸਾ ਹੈ। ‘ਪ੍ਰੋਜੈਕਟ ਕੇ’ ਨੂੰ 400 ਕਰੋੜ ਦੇ ਵੱਡੇ ਬਜਟ ਨਾਲ ਬਣਾਇਆ ਜਾ ਰਿਹਾ ਹੈ। ਇਸ ਫ਼ਿਲਮ ਵਿੱਚ ਅਦਾਕਾਰਾਂ ਦੀਆਂ ਭੂਮਿਕਾਵਾਂ ਬਾਰੇ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ।

# ‘ਲਗਾਨ’ ਦੀ ਟੀਮ ਨੇ 21 ਵਰ੍ਹੇ ਪੂਰੇ ਹੋਣ ’ਤੇ ਜਸ਼ਨ ਮਨਾਇਆ



ਅਦਾਕਾਰ ਆਮਿਰ ਖ਼ਾਨ ਦੀ ਕ੍ਰਿਕਟ ਡਰਾਮਾ ਫਿਲਮ ‘ਲਗਾਨ’ ਰਿਲੀਜ਼ ਹੋਈ ਨੂੰ ਅੱਜ ਪੂਰੇ 21 ਵਰ੍ਹੇ ਹੋ ਗਏ ਹਨ। ਇਸ ਖੁਸ਼ੀ ਨੂੰ ਸਾਂਝੀ ਕਰਦਿਆਂ ਅੱਜ ਅਦਾਕਾਰ ਦੇ ਘਰ ਫ਼ਿਲਮ ਦੀ ਪੂਰੀ ਟੀਮ ਇਕੱਠੀ ਹੋਈ ਤੇ ਜਸ਼ਨ ਮਨਾਇਆ। ‘ਲਗਾਨ’ ਭਾਰਤੀ ਸਿਨੇਮਾ ਦੀਆਂ ਸਭ ਤੋਂ ਸਫ਼ਲ ਫਿਲਮਾਂ ਵਿੱਚੋਂ ਇੱਕ ਹੈ। ਇਸ ਦੇ ਨਾਲ ਹੀ ਇਹ ਦੂਸਰੀ ਅਜਿਹੀ ਭਾਰਤੀ ਫਿਲਮ ਹੋਣ ਦਾ ਵੀ ਮਾਣ ਵੀ ਰੱਖਦੀ ਹੈ, ਜਿਸ ਨੂੰ ‘ਮਦਰ ਇੰਡੀਆ’ ਤੋਂ ਬਾਅਦ ਵਿਦੇਸ਼ੀ ਭਾਸ਼ਾ ਦੀਆਂ ਫਿਲਮਾਂ ਦੀ ਸ਼੍ਰੇਣੀ ਵਿੱਚ ਆਸਕਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ। ਪਿਛਲੇ ਸਾਲ ਇਸ ਦਿਨ ਫਿਲਮ ਦੀ ਸਾਰੀ ਟੀਮ ਆਨਲਾਈਨ ਮਾਧਿਅਮ ਰਾਹੀਂ ਇਕੱਠੀ ਹੋਈ ਸੀ ਤੇ ਇਸ ਸਾਲ ਇਹ ਜਸ਼ਨ ਆਮਿਰ ਖ਼ਾਨ ਦੇ ਘਰੇ ਮਨਾਇਆ ਗਿਆ। ਸਾਲ 2001 ਵਿੱਚ ਰਿਲੀਜ਼ ਹੋਈ ਇਹ ਫਿਲਮ ਆਸ਼ੂਤੋਸ਼ ਗੋਵਾਰੀਕਰ ਵੱਲੋਂ ਲਿਖੀ ਤੇ ਨਿਰਦੇਸ਼ਿਤ ਕੀਤੀ ਗਈ ਹੈ, ਜਿਸ ਵਿੱਚ 1893 ਦਾ ਅੰਗਰੇਜ਼ੀ ਰਾਜ ਦਾ ਸਮਾਂ ਦਿਖਾਇਆ ਗਿਆ ਹੈ। ਇਹ ਕਹਾਣੀ ਭਾਰਤ ਦੇ ਇੱਕ ਅਜਿਹੇ ਪਿੰਡ ਦੀ ਕਹਾਣੀ ਹੈ, ਜੋ ਕਈ ਸਾਲਾਂ ਦੇ ਸੋਕੇ ਦੇ ਬਾਵਜੂਦ ਅੰਗਰੇਜ਼ਾਂ ਵੱਲੋਂ ਥੋਪੇ ਗਏ ਟੈਕਸਾਂ ਦਾ ਭੁਗਤਾਨ ਕਰਨ ਲਈ ਮਜਬੂਰ ਹੈ।

# ਪਿੰਡ ਸ਼ਾਮਦੂ ਕੈਂਪ 'ਚ ਡਾਇਰੀਆ ਦੀ ਸਥਿਤੀ ਕਾਬੂ ਹੇਠ-ਡਾ. ਰਾਜੂ ਧੀਰ

**ਰਾਜਪੁਰਾ, ਪਟਿਆਲਾ**
**-ਰੋਜ਼ਾਨਾ ਸਵੇਰਾ-**

ਪਿਛਲੇ ਦਿਨੀਂ ਰਾਜਪੁਰਾ ਨੇੜਲੇ ਪਿੰਡ ਸ਼ਾਮਦੂ ਕੈਂਪ ਵਿੱਚ ਫੈਲੇ ਡਾਇਰੀਆ ਦੀ ਸਥਿਤੀ ਹੁਣ ਕਾਬੂ ਹੇਠ ਹੈ।ਅੱਜ ਵੀ ਸਿਵਲ ਸਰਜਨ ਡਾ. ਰਾਜੂ ਧੀਰ ਅਤੇ ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਦਿਵਜੋਤ ਸਿੰਘ ਨੇ ਸਿਵਲ ਹਸਪਤਾਲ ਰਾਜਪੁਰਾ ਵਿਖੇ ਮਰੀਜ਼ਾਂ ਦਾ ਹਾਲ ਪੁੱਛਿਆ ਤੇ ਡਾਕਟਰਾਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ।ਇਸ ਮਗਰੋਂ ਉਨ੍ਹਾਂ ਨੇ ਪ੍ਰਭਾਵਤ ਖੇਤਰ ਪਿੰਡ ਸ਼ਾਮਦੂ ਕੈਂਪ ਦਾ ਕੀਤਾ ਦੌਰਾ ਕੀਤਾ।

ਡਾ. ਰਾਜੂ ਧੀਰ ਨੇ ਦੱਸਿਆ ਕਿ ਲੋਕਾਂ ਨੂੰ ਆਰ.ਓ. ਸਿਸਟਮ ਵਾਲਾ ਸਾਫ ਪਾਣੀ ਪੀਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਣੀ ਦੇ ਨਮੂਨਿਆਂ ਤੇ ਮਰੀਜ਼ਾਂ ਦੇ ਸਟੂਲ ਸੈਂਪਲਾਂ ਦੀ ਰਿਪੋਰਟ ਆਉਣੀ ਬਾਕੀ ਹੈ। ਇਸ ਇਲਾਕੇ 'ਚ ਹੁਣ ਤੱਕ 207 ਮਰੀਜ਼ ਡਾਇਰੀਏ ਨਾਲ ਪੀੜਤ ਪਾਏ ਗਏ ਤੇ ਅੱਜ ਸਿਵਲ ਹਸਪਤਾਲ ਰਾਜਪੁਰਾ ਵਿਖੇ ਡਾਇਰੀਏ ਨਾਲ ਪੀੜਤ 6 ਨਵੇਂ ਮਰੀਜ਼ ਦਾਖਿਲ ਕੀਤੇ ਗਏ। ਜਿਸ ਨਾਲ ਅੱਜ ਤੱਕ ਦਾਖਿਲ ਕੀਤੇ ਜਾਣ ਵਾਲੇ ਮਰੀਜਾਂ ਦੀ ਕੁੱਲ ਗਿਣਤੀ 68 ਹੋ ਗਈ ਹੈ। ਦਾਖਲ ਮਰੀਜ਼ਾਂ 'ਚੋਂ 28 ਮਰੀਜ਼ ਠੀਕ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ ਹਨ ਤੇ ਇਸ ਸਮੇਂ 40 ਮਰੀਜ਼ ਹੀ ਹਸਪਤਾਲ 'ਚ ਇਲਾਜ ਅਧੀਨ ਦਾਖਲ ਹਨ, ਜਿਨ੍ਹਾਂ ਦੀ ਹਾਲਤ ਸਥਿਰ ਹੈ।ਅੱਜ ਸਿਹਤ ਵਿਭਾਗ ਤੇ ਰੂਰਲ ਵਾਟਰ ਸਪਲਾਈ ਵਿਭਾਗ ਦੀਆਂ ਟੀਮਾਂ ਵੱਲੋਂ 4 ਮਰੀਜ਼ਾਂ ਦੇ ਘਰਾਂ ਤੋਂ ਅਤੇ ਦੋ ਹੋਰ ਥਾਵਾਂ ਤੋਂ ਵੀ ਪੀਣ ਵਾਲੇ ਪਾਣੀ ਦੇ ਸੈਂਪਲ ਜਾਂਚ ਲਈ ਲਏ ਗਏ।


ਸਿਵਲ ਸਰਜਨ ਡਾ. ਰਾਜੂ ਧੀਰ ਸਿਵਲ ਹਸਪਤਾਲ ਰਾਜਪੁਰਾ ਵਿਖੇ ਮਰੀਜ਼ਾਂ ਦਾ ਹਾਲ ਪੁੱਛਦੇ ਹੋਏ।

ਡਾ. ਰਾਜੂ ਧੀਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਐਮ.ਓ ਬਲਾਕ ਕਾਲੋਮਾਜਰਾ ਵੱਲੋਂ ਇੱਥੇ ਬੀਤੇ ਦਿਨਾਂ ਤੋਂ ਹੀ ਡਾਕਟਰਾਂ ਦੀ ਟੀਮ ਭੇਜ ਕੇ ਆਂਗਨਵਾੜੀ ਸੈਂਟਰ ਵਿੱਚ ਲਗਾਇਆ ਵਿਸ਼ੇਸ਼ ਮੈਡੀਕਲ ਕੈਂਪ ਤੇ ਡਿਸਪੈਂਸਰੀ ਅਜੇ ਜਾਰੀ ਹੈ ਤੇ ਬਿਮਾਰ ਮਰੀਜਾਂ ਨੂੰ ਸਿਹਤ ਜਾਂਚ ਕਰਕੇ ਲੋੜ ਅਨੁਸਾਰ ਦਵਾਈਆਂ ਦਿੱਤੀਆ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਰੀਜ਼ ਨੂੰ ਰੈਫਰਲ ਸੇਵਾਵਾਂ ਜਾਂ ਦਾਖਲੇ ਦੀ ਜ਼ਰੂਰਤ ਹੁੰਦੀ ਹੈ ਤਾਂ ਇਸ ਸਬੰਧੀ ਵੀ ਐਂਬੂਲੈਂਸ ਅਤੇ ਸਰਕਾਰੀ ਹਸਪਤਾਲ ਰਾਜਪੁਰਾ ਵਿਖੇ ਪੂਰੇ ਪ੍ਰਬੰਧ ਕੀਤੇ ਹੋਏ ਹਨ।

ਡਾ. ਰਾਜੂ ਧੀਰ ਅਤੇ ਸਿਹਤ ਕਾਮਿਆਂ ਨੇ ਲੋਕਾਂ ਨੂੰ ਘਰ-ਘਰ ਸਰਵੇ ਦੌਰਾਨ ਗਰੁੱਪ ਮੀਟਿੰਗਾਂ ਰਾਹੀਂ ਬਿਮਾਰੀ ਤੋਂ ਬਚਾਅ ਲਈ ਸਾਫ ਸਫਾਈ ਦਾ ਖਾਸ ਧਿਆਨ ਰੱਖਣ, ਹੱਥ ਵਾਰ ਵਾਰ ਧੋਣ, ਪਾਣੀ ਉਬਾਲ ਕੇ ਠੰਡਾ ਕਰਕੇ ਪੀਣ, ਖਾਣ ਪੀਣ ਵਾਲੀਆਂ ਚੀਜਾਂ ਨੂੰ ਢੱਕ ਕੇ ਰੱਖਣ ਸਬੰਧੀ ਜਾਗਰੂਕ ਕੀਤਾ।ਲੋੜਵੰਦ ਲੋਕਾਂ ਨੂੰ ਓ. ਆਰ.ਐਸ ਦੇ ਪੈਕਟਾਂ ਦੀ ਵੰਡ ਅਤੇ ਪਾਣੀ ਨੂੰ ਸ਼ੁਧ ਕਰਕੇ ਪੀਣ ਲਈ ਕਲੋਰੀਨ ਗੋਲੀਆਂ ਦਿੱਤੀਆਂ ਗਈਆਂ।ਇਸ ਤੋਂ ਬਿਨ੍ਹਾਂ ਲੋਕਾਂ ਨੂੰ ਦਸਤ, ਉਲਟੀਆਂ ਆਦਿ ਦੀ ਸ਼ਿਕਾਇਤ ਹੋਣ 'ਤੇ ਤੁਰੰਤ ਸਿਹਤ ਟੀਮ ਨਾਲ ਸੰਪਰਕ ਕਰਨ ਲਈ ਕਿਹਾ ਗਿਆ।

ਇਸ ਮੌਕੇ ਸਿਵਲ ਸਰਜਨ ਡਾ. ਰਾਜੂ ਧੀਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਅਧੀਨ ਆਉਂਦੇ ਕਿਸੇ ਵੀ ਏਰੀਏ ਵਿੱਚ ਡਾਇਰੀਆ ਜਾਂ ਕਿਸੇ ਹੋਰ ਬਿਮਾਰੀ ਦੇ ਮਰੀਜ਼ ਅਚਾਨਕ ਸਾਹਮਣੇ ਆਉਂਦੇ ਹਨ ਤਾਂ ਉਸ ਦੀ ਸੂਚਨਾ ਤੁਰੰਤ ਨੇੜੇ ਦੀ ਸਿਹਤ ਸੰਸਥਾ ਨੂੰ ਦਿੱਤੀ ਜਾਵੇ ਅਤੇ ਇਲਾਜ ਲਈ ਜਿੰਨੀ ਜਲਦੀ ਹੋ ਸਕੇ ਮਰੀਜ਼ ਨੂੰ ਹਸਪਤਾਲ ਪਹੁੰਚਾਇਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਲੋਕਾਂ ਦੇ ਘਰਾਂ 'ਚ ਪੀਣ ਵਾਲਾ ਪਾਣੀ ਸਾਫ ਨਹੀਂ ਆ ਰਿਹਾ ਹੈ ਤਾਂ ਉਸ ਦੀ ਸ਼ਿਕਾਇਤ ਵੀ ਸਬੰਧਿਤ ਵਿਭਾਗ ਨੂੰ ਕੀਤੀ ਜਾਵੇ ਤਾਂ ਜੋ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

# ਸ੍ਰੀ ਸ਼ਿਆਮ ਸੰਕੀਰਤਨ ਮੰਡਲ ਵਲੋਂ ਵਿਸ਼ਾਲ ਖ਼ੂਨ ਦਾਨ ਕੈਂਪ ਆਯੋਜਿਤ





**ਸਮਾਣਾ,**
**-ਰੋਜ਼ਾਨਾ ਸਵੇਰਾ-**

ਸ੍ਰੀ ਸ਼ਿਆਮ ਸੰਕੀਰਤਨ ਮੰਡਲ ਸਮਾਣਾ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ 'ਚ ਵਾਧਾ ਕਰਦੇ ਹੋਏ ਸਥਾਨਕ ਨਵੀਂ ਅਗਰਵਾਲ ਗਊਸ਼ਾਲਾ ਵਿਖੇ ਥੈਲਾਸੀਮੀਆ ਪੀੜਤ ਬੱਚਿਆਂ ਲਈ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ।ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਉੱਘੇ ਸਮਾਜ ਸੇਵੀ ਬਾਲ ਕ੍ਰਿਸ਼ਨ ਗੁਪਤਾ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ ਅਤੇ ਮੰਡਲ ਵਲੋਂ ਆਰੰਭੇ ਇਸ ਉੱਦਮ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਸਮਾਜ ਭਲਾਈ ਦੇ ਕੰਮਾਂ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨਾਂ ਖ਼ੂਨਦਾਨੀਆਂ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਕਰਨਾ ਮਨੁੱਖ ਲਈ ਇੱਕ ਸਰਬ ਉੱਤਮ ਦਾਨ ਹੈ, ਕਿਉਂਕਿ ਦਾਨ ਕੀਤਾ ਗਿਆ ਖ਼ੂਨ ਕਿਸੇ ਵੀ ਕੀਮਤੀ ਜਾਨ ਨੂੰ ਬਚਾ ਕੇ ਇੱਕ ਨਵਾਂ ਜਨਮ ਦੇ ਸਕਦਾ ਹੈ। ਇਸ ਮੌਕੇ ਮੰਡਲ ਸਰਪ੍ਰਸਤ ਅਤੇ ਅਗਰਵਾਲ ਗਊਸ਼ਾਲਾ ਪ੍ਰਧਾਨ ਅਮਿਤ ਸਿੰਗਲਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਅਗਰਵਾਲ ਧਰਮਸ਼ਾਲਾ ਪ੍ਰਧਾਨ ਜੀਵਨ ਗਰਗ ਨੇ ਕਿਹਾ ਕਿ ਸਾਨੂੰ ਖ਼ੂਨਦਾਨ ਦੇ ਸ਼ੁਭ ਕਾਰਜ਼ ਵਿਚ ਕਦੇ ਵੀ ਪਿਛੇ ਨਹੀਂ ਰਹਿਣਾ ਚਾਹਿਦਾ ਅਤੇ ਆਪਣੇ ਜੀਵਨ ਵਿਚ ਸਮੇਂ-ਸਮੇਂ ਤੇ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ।

ਇਸ ਮੌਕੇ ਪਟਿਆਲਾ ਥੈਲਾਸੀਮੀਆ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਅਤੇ ਸ੍ਰੀ ਸ਼ਿਆਮ ਸੰਕੀਰਤਨ ਮੰਡਲ ਪ੍ਰਧਾਨ ਸੰਜੀਵ ਕੁਮਾਰ ਸਿੰਗਲਾ ਨੇ ਦੱਸਿਆ ਕਿ ਗਰਮੀ ਦੇ ਮੌਸਮ ਦੇ ਚਲਦਿਆਂ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਨੂੰ ਖ਼ੂਨ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ ਜਿਸ ਦੇ ਚਲਦਿਆਂ ਇਹ ਖ਼ੂਨ ਦਾਨ ਕੈਂਪ ਲਗਾਇਆ ਗਿਆ ਹੈ ਅਤੇ ਉਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖ਼ੂਨਦਾਨ ਲਈ ਹਮੇਸ਼ਾ ਤੱਤਪਰ ਰਹਿਣ ਤਾਂ ਜੋ ਲੋੜ ਪੈਣ ਤੇ ਅਨਮੋਲ ਜ਼ਿੰਦਗੀਆਂ ਬਚਾਈਆਂ ਜਾ ਸਕਣ।ਕੈਂਪ ਦੌਰਾਨ ਰਜਿੰਦਰਾ ਹਸਪਤਾਲ ਪਟਿਆਲਾ ਦੀ ਬਲੱਡ ਬੈਂਕ ਟੀਮ ਵਲੋਂ 155 ਯੂਨਿਟ ਖ਼ੂਨ ਇਕੱਤ੍ਰਿਤ ਕੀਤਾ ਗਿਆ।ਇਸ ਮੌਕੇ ਮੰਡਲ ਪ੍ਰਧਾਨ ਸੰਜੀਵ ਕੁਮਾਰ ਸਿੰਗਲਾ, ਸਕੱਤਰ ਪੰਕਜ ਗੋਇਲ, ਕੈਸ਼ੀਅਰ ਪੁਨੀਤ ਗਰਗ, ਮੈਂਬਰ ਪ੍ਰਿੰਸ ਸਿੰਗਲਾ, ਗਗਨ ਗਰਗ, ਰੋਬਿਨ ਗਰਗ, ਅਸ਼ਵਿਨ ਕੁਮਾਰ, ਸ਼ਿਆਮ ਬੱਤਰਾ, ਵਰੁਣ ਗਰਗ (ਸ਼ੈਂਟੀ), ਯੋਗੇਸ਼ ਗਰਗ ਅਤੇ ਤਾਰੂਸ਼ ਬਾਂਸਲ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਨ ਉਪਰੰਤ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ ਅਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ।ਇਸ ਮੌਕੇ ਗੋਪਾਲ ਕ੍ਰਿਸ਼ਨ ਗਰਗ, ਮੋਹਿਤ ਗਰਗ ਤੰਨੂ, ਸੁਰਜੀਤ ਸਿੰਘ ਗਾਜੀਪੁਰੀਆ, ਪਵਨ ਸ਼ਾਸਤਰੀ, ਉਦਯੋਗਪਤੀ ਮਹਿੰਦਰ ਸਿੰਘ ਧੀਮਾਨ, ਹਰਿੰਦਰ ਸਿੰਘ ਦਿਓਲ, ਲਖਵਿੰਦਰ ਸਿੰਘ ਕਾਕਾ ਜਵੰਦਾ, ਮਦਨ ਮਿੱਤਲ ,ਵਿੱਕੀ ਬਾਲਾ ਜੀ ਟਰਾਂਸਪੋਰਟ, ਗੁਰਦੇਵ ਸਿੰਘ ਟਿਵਾਣਾ, ਗੁਰਦੀਪ ਸਿੰਘ ਕਾਹਨਗੜ੍ਹ, ਦੇਵਕੀ ਨੰਦਨ ਸਿੰਗਲਾ, ਸੰਜੂ ਕਕਰਾਲਾ, ਸੰਜੇ ਸਿੰਗਲਾ, ਸਰਬਜੀਤ ਸਿੰਘ ਬੇਦੀ, ਸੋਨੀ ਬਿਸ਼ਨਪੁਰੀਆ,ਭਾਰਤ ਭੂਸ਼ਨ ਗੋਇਲ, ਸੁਖਚੈਨ ਸਿੰਘ ਕੋਟਲੀ ਅਤੇ ਗੋਰਾ ਆਦਿ ਹਾਜ਼ਰ ਸਨ।

# ਠੇਕਾ ਖਤਮ ਹੋਣ ਦੇ ਬਾਵਜੂਦ ਨਜਾਇਜ ਤੋਰ ਤੇ ਚਲਾਇਆ ਜਾ ਰਿਹਾ ਮੱਕੀ ਦਾ ਡ੍ਰਾਇਰ ਵਿਧਾਇਕ ਵਲੋਂ ਬੰਦ ਕਰਵਾਇਆ

**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਸਥਾਨਕ ਦਾਣਾ ਮੰਡੀ ਲੱਖੋਵਾਲ ( ਸ੍ਰੀ ਮਾਛੀਵਾੜਾ ਸਾਹਿਬ ) ਵਿੱਖੇ ਮੱਕੀ ਸੁਕਾਉਣ ਦਾ ਡ੍ਰਾਇਰ ਠੇਕਾ ਖਤਮ ਹੋਣ ਦੇ ਬਾਵਜੂਦ ਚਲਾਏ ਜਾਣ ਦੀ ਖਬਰ ਪ੍ਰਕਾਸ਼ਿਤ ਹੋਣ ਤੇ ਹਲਕਾ ਵਿਧਾਇਕ ਨੇ ਐਕਸ਼ਨ ਲੈ ਕੇ ਖੁਦ ਜਾ ਕੇ ਡ੍ਰਾਇਰ ਨੇ ਬੰਦ ਕਰਵਾਇਆ ਇਸ ਸਬੰਧੀ ਗੱਲਬਾਤ ਕਰਦਿਆ ਵਿਧਾਇਕ ਸ੍ ਦਿਆਲਪੁਰਾ ਨੇ ਕਿਹਾ ਕਿ ਠੇਕੇਦਾਰ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ .

ਇਸ ਮੌਕੇ ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਤੇ ਪਾਰਟੀ ਵਰਕਰ ਮੌਜੂਦ ਸਨ ।

# ਪਿਤਾ ਦਿਵਸ ਨੂੰ ਸਮਰਪਿਤ ਟੱਕਰ ਕਲੋਨੀ ਸ੍ਰੀ ਮਾਛੀਵਾੜਾ ਸਾਹਿਬ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ



**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਸਥਾਨਕ ਸ਼ਹਿਰ ਦੀ ਟੱਕਰ ਕਲੋਨੀ ਵਿੱਖੇ ਸਮਾਜ ਸੇਵਾ ਨੂੰ ਸਮਰਪਿਤ ਨੌਜਵਾਨਾਂ ਵਲੋਂ ਪਿਤਾ ਦਿਵਸ ਨੂੰ ਸਮਰਪਿਤ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਠੰਡਾ -ਮਿੱਠਾ ਜਲ ਛੱਕਿਆ ਤੇ ਛਬੀਲ ਲਗਾਉਣ ਵਾਲੇ ਨੌਜਵਾਨਾਂ ਦੀ ਸ਼ਲਾਘਾ ਕੀਤੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨ ਕੌਸ਼ਲ, ਸੰਦੀਪ ਸਿੰਘ, ਮੰਗਾ, ਮੋਲਾ, ਅਨਮੋਲ ਜੱਗਾ ਤੇ ਹੋਰ ਨੌਜਵਾਨ ਮੌਜੂਦ ਸਨ।

# ਭਾਜਪਾ ਕਥਨੀ ਅਤੇ ਕਰਨੀ ਦੀ ਧਨੀ, ਜੋ ਕਹਿੰਦੀ ਹੈ ਕਰਕੇ ਵੀ ਦਿਖਾਉਂਦੀ ਹੈ-ਰਾਣਾ ਗੁਰਮੀਤ ਸਿੰਘ ਸੋਢੀ



**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਲਈ ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਦੀ ਜਿੱਤ ਹੋਣੀ ਤੈਅ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸੀਨੀਅਰ ਭਾਜਪਾ ਆਗੂ ਸਤਵੰਤ ਸਿੰਘ ਪੂਨੀਆ ਅਤੇ ਭਾਜਪਾ ਦੇ ਕਿਸਾਨ ਸੈੱਲ ਦੇ ਸੀਨੀਅਰ ਆਗੂ ਅਮਨਦੀਪ ਸਿੰਘ ਪੂਨੀਆਂ ਦੇ ਨਿਵਾਸ ਸਥਾਨ ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਭਾਜਪਾ ਦੀਆਂ ਜਨਤਾ ਅਤੇ ਦੇਸ਼ ਹਿੱਤ ਨੀਤੀਆਂ ਕਾਰਨ ਲੋਕ ਭਾਜਪਾ ਨਾਲ ਜੁੜ ਰਹੇ ਹਨ। ਲੋਕ ਸਮਝ ਚੁੱਕੇ ਹਨ ਕਿ ਹੋਰਨਾਂ ਰਾਜਨੀਤਕ ਪਾਰਟੀਆਂ ਦੇ ਪੱਲੇ ਝੂਠ ਬੋਲਣ ਅਤੇ ਸਬਜ਼ਬਾਗ ਦਿਖਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਭਾਜਪਾ ਹੀ ਉਨ੍ਹਾਂ ਦੀ ਇੱਕੋ-ਇੱਕ ਹਿਤੈਸ਼ੀ ਪਾਰਟੀ ਹੈ। ਭਾਜਪਾ ਕਥਨੀ ਅਤੇ ਕਰਨੀ ਦੀ ਧਨੀ ਹੈ ਭਾਜਪਾ ਜੋ ਕਹਿੰਦੀ ਹੈ ਉਹ ਕਰਕੇ ਵੀ ਦਿਖਾਉਂਦੀ ਹੈ। ਰਾਣਾ ਗੁਰਮੀਤ ਸਿੰਘ ਸੋਢੀ ਨੇ ਅੱਗੇ ਕਿਹਾ ਕਿ ਸਤਵੰਤ ਸਿੰਘ ਪੂਨੀਆ ਅਤੇ ਅਮਨਦੀਪ ਸਿੰਘ ਪੂਨੀਆ ਵੱਧ-ਚੜ੍ਹ ਕੇ ਜ਼ਿਮਨੀ ਚੋਣ ਲਈ ਪ੍ਰਚਾਰ ਕਰ ਰਹੇ ਹਨ ਸਾਡਾ ਸਭ ਦਾ ਇੱਕੋ-ਇੱਕ ਟੀਚਾ ਭਾਜਪਾ ਉਮੀਦਵਾਰ ਸਰਦਾਰ ਕੇਵਲ ਸਿੰਘ ਢਿੱਲੋਂ ਨੂੰ ਜਿੱਤ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜਦੋਂ ਵੀ ਸੱਤਾ ਵਿੱਚ ਆਈ ਹੈ ਸੂਬੇ ਵਿਚ ਲਾਅ ਐਂਡ ਆਰਡਰ ਖ਼ਤਮ ਹੋ ਚੁੱਕਿਆ ਹੈ। ਲੁੱਟਾਂ-ਖੋਹਾਂ, ਕਤਲ ਆਦਿ ਅਪਰਾਧਿਕ ਘਟਨਾਵਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਬਹੁਤ ਤੇਜ਼ੀ ਨਾਲ ਪੰਜਾਬ ਨੂੰ ਬਰਬਾਦੀ ਵੱਲ ਧੱਕ ਰਹੀ ਹੈ।

# ਏਮਜ਼ ਨੇ ਪਰਚੀਆਂ ਵਾਲੇ ਕਾਊਂਟਰ ਵਧਾਏ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਬਠਿੰਡਾ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਪੰਜਾਬ (ਬਠਿੰਡਾ) ਬਹੁਤ ਸਾਰੇ ਪ੍ਰਬੰਧ ਅਧੂਰੇ ਹੋਣ ਕਾਰਨ ਮਰੀਜ਼ਾਂ ਦਾ ਜਮਵਾੜਾ ਵੱਡੀ ਗਿਣਤੀ ਦੇਖਣ ਨੂੰ ਮਿਲ ਰਿਹਾ ਸੀ।

ਜ਼ਿਕਰਯੋਗ ਹੈ ਕਿ ਏਮਜ਼ ਹਸਪਤਾਲ ਅੰਦਰ ਸਵੇਰੇ ਹੀ ਪਰਚੀ ਕਟਵਾਉਣ ਲਈ ਵਿੰਡੋ (ਖਿੜਕੀ) ਤੇ ਲੰਮੀਆਂ ਲੰਮੀਆਂ ਲਾਈਨਾਂ ਦੇ ਵਿੱਚ ਮਰੀਜ਼ਾ ਨੂੰ ਖੜ੍ਹੇ ਹੋ ਕਿ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ। ਏਮਜ਼ ਪ੍ਰਸ਼ਾਸਨ ਵੱਲੋਂ ਮਰੀਜ਼ਾਂ ਲਈ 4 ਵਿੰਡੋ ਸਥਾਪਤ ਕੀਤੀਆਂ ਹੋਣ ਕਾਰਨ ਤੇ ਸਭ ਤੋਂ ਲੰਬੀ ਲਾਈਨ ਬਜ਼ੁਰਗਾਂ ਦੀ ਖਿੜਕੀ ਤੇ ਵੱਡੀ ਉਮਰ ਵਾਲੇ ਮਰੀਜ਼ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਲੋਕਾਂ ਨੇ ਏਮਜ਼ ਪ੍ਰਸ਼ਾਸਨ ਤੇ ਦੋਸ਼ ਲਾਏ ਸਨ ,ਹਾਲੇ ਤਕ ਏਮਜ਼ ਵੱਲੋਂ ਟਰੌਮਾ ਸੈਂਟਰ ਵੀ ਸ਼ੁਰੂ ਨਹੀਂ ਕੀਤਾ ਗਿਆ ਬਰੇਨ ਅਤੇ ਸਪਾਈਨ ਦੀ ਸੱਟ ਵਾਲੇ ਵਾਲੇ ਐਕਸੀਡੈਂਟ ਕੇਸਾਂ ਵਿੱਚ ਦਾਖ਼ਲ ਨਾ ਕੀਤਾ ਜਾਣ ਕਾਰਨ ਮਰੀਜ਼ਾਂ ਨੂੰ ਨਿੱਜੀ ਹਸਪਤਾਲਾਂ ਵਿੱਚ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬੀ ਟ੍ਰਿਬਿਊਨ 13 ਜੂਨ ਖਬਰ ਪ੍ਰਕਾਸ਼ਿਤ ਕੀਤੀ ਸੀ।ਖਬਰ ਨਸ਼ਰ ਹੋਣ ਤੋਂ ਤੁਰੰਤ ਬਾਅਦ ਏਮਜ਼ ਪ੍ਰਸ਼ਾਸਨ ਨੇ ਜਿੱਥੇ ਵਿੰਡੋ ਦੀ ਗਿਣਤੀ 4 ਤੋਂ 6 ਕਰ ਦਿੱਤੀ ਹੈ। ਏਮਜ਼ ਦੇ ਡਾਇਰੈਕਟਰ ਡੀਕੇ ਸਿੰਘ ਨੇ ਇਸਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਜਿਥੇ ਵਿੰਡੋ ਦੀ ਗਿਣਤੀ ਵਧਾਈ ਗਈ ਹੈ ਅਤੇ ਟਰੌਮਾ ਸੈਂਟਰ ਵਿੱਚ ਐਮਰਜੈਂਸੀ ਐਕਸੀਡੈਂਟ ਕੇਸਾਂ ਸਮੇਤ ਗੰਭੀਰ ਹਾਲਤ ਵਾਲੇ ਮਰੀਜ਼ਾਂ ਲਈ ਵੀ ਆਈਪੀਡੀ ਖੋਲ੍ਹ ਦਿੱਤੀ ਗਈ ਹੈ।

# ਐਗਰੀਕਲਚਰ ਇੰਨਫਰਾਸਟਰਕਚਰ ਫੰਡ ਸਕੀਮ ਬਾਰੇ ਸੈਮੀਨਾਰ ਆਯੋਜਿਤ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਬਾਗਬਾਨੀ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਤੇ ਡਾਇਰੈਕਟਰ ਬਾਗਬਾਨੀ-ਕਮ-ਸਟੇਟ ਨੋਡਲ ਅਫਸਰ ਏ.ਆਈ.ਐਫ ਸ੍ਰੀਮਤੀ ਸਲਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐਗਰੀਕਲਚਰ ਇੰਨਫਰਾਸਟਰਕਚਰ ਫੰਡ ਸਕੀਮ ਬਾਰੇ ਜ਼ਿਲ੍ਹਾ ਪੱਧਰੀ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਜ਼ਿਲ੍ਹੇ ਭਰ ਵਿੱਚੋਂ ਉਦਮੀ ਕਿਸਾਨਾਂ ਤੇ ਲਾਭਪਾਤਰੀਆਂ ਨੇ ਭਾਗ ਲਿਆ। ਸੈਮੀਨਾਰ ਵਿੱਚ ਕੇ.ਪੀ.ਐਮ.ਜੀ ਅਡਵਾਈਜਰੀ ਸਰਵਿਸ ਵਲੋਂ ਮੈਡਮ ਮਨੀ ਮਿੱਤਲ ਤੇ ਮੈਡਮ ਨਿਤਿਆ ਨੇ ਐਗਰੀਕਲਚਰ ਇੰਨਫਰਾਸਟਰਕਚਰ ਫੰਡ ਸਕੀਮ ਬਾਰੇ ਹਾਜ਼ਰ ਵੱਖ-ਵੱਖ ਬਾਗਬਾਨੀ ਖੇਤਰ ਨਾਲ ਸਬੰਧਿਤ ਕੋਲਡ ਸਟੋਰ ਮਾਲਿਕਾਂ, ਬੈਕਾਂ ਅਤੇ ਹੋਰ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਅਧੀਨ ਫਲਾਂ ਅਤੇ ਹੋਰ ਫ਼ਸਲਾਂ ਦੀ ਤੁੜਾਈ ਉਪਰੰਤ ਸਾਂਭ-ਸੰਭਾਲ ਵਾਸਤੇ ਪੈਕ ਹਾਊਸ, ਕੋਲਡ ਸਟੋਰ, ਰਾਈਪਨਿੰਗ ਚੈਬਰ, ਵੇਅਰ ਹਾਊਸ, ਸੀਲੋਜ, ਈ-ਮਾਰਕੀਟਿੰਗ ਆਦਿ ਲਈ ਬੈਕਾਂ ਤੋ ਲਏ ਜਾਂਦੇ 2 ਕਰੋੜ ਤੱਕ ਦੇ ਕਰਜ਼ੇ ਦੇ ਵਿਆਜ ਤੇ 3 ਪ੍ਰਤੀਸ਼ਤ ਛੋਟ ਦਿੱਤੀ ਜਾਂਦੀ ਹੈ ਅਤੇ 7 ਸਾਲ ਦੇ ਸਮੇ ਤੱਕ ਲਾਗੂ ਹੁੰਦੀ ਹੈ।



ਇਸ ਮੌਕੇ ਸਕੀਮ ਨਾਲ ਜੁੜਨ ਲਈ ਬੈਕਾਂ ਤੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਬੈਕਾਂ ਨੂੰ ਇੰਨ੍ਹਾਂ ਸਕੀਮਾਂ ਦੀ ਜਾਣਕਾਰੀ ਨਹੀਂ ਹੁੰਦੀ ਤਾਂ ਬੈਕ ਕਿਸਾਨਾਂ ਦੀਆਂ ਫਾਇਲਾਂ ਦਾ ਨਿਪਟਾਰਾ ਨਹੀਂ ਕਰਦੇ, ਜਿਸ ਕਰਕੇ ਭਾਰਤ ਸਰਕਾਰ ਵੱਲੋਂ ਇਹ ਸਕੀਮ ਲਾਗੂ ਹੋਣ ਵਿੱਚ ਅਧੂਰੀ ਹੋ ਰਹੀ ਹੈ। ਇਸ ਦੌਰਾਨ ਕਿਸਾਨ ਤੇ ਬੈਕਾਂ ਨੂੰ ਲਾਗੂ ਕਰਨ ਲਈ ਬੜੇ ਸੰਖੇਪ ਵਿੱਚ ਦੱਸਿਆ ਗਿਆ ਕਿ ਕਿਸਾਨ ਕਰਜਾ ਲੈਣ ਉਪਰੰਤ ਬੈਂਕ ਵੱਲੋਂ ਜਾਰੀ ਕਰਜ਼ਾ ਦਸਤਾਵੇਜ਼ ਅਤੇ ਡੀ.ਪੀ.ਆਰ ਦੀ ਪੀ.ਡੀ.ਐਫ ਨੂੰ ਏ.ਆਈ.ਐਫ ਦੇ ਪੋਰਟਲ ਤੇ ਜਾ ਕੇ ਆਨ-ਲਾਇਨ ਕਰ ਦਿੱਤਾ ਜਾਵੇ ਤਾਂ ਆਪਣੇ-ਆਪ ਹੀ 3 ਫੀਸਦੀ ਲੋਨ ਤੇ ਵਿਆਜ ਨੂੰ ਘੱਟ ਕਰਨ ਲਈ ਲੋੜੀਂਦੀ ਕਾਰਵਾਈ ਚਾਲੂ ਹੋ ਜਾਵੇਗੀ।ਇਸ ਦੌਰਾਨ ਬਾਗਬਾਨੀ ਵਿਕਾਸ ਅਫਸਰ ਗੀਨਾ ਰਾਣੀ ਨੇ ਕਿਸਾਨਾਂ ਨੂੰ ਬਾਗਬਾਨੀ ਦੀਆਂ ਸਕੀਮਾਂ ਅਪਣਾਉਣ ਲਈ ਜ਼ੋਰ ਦਿੰਦੇ ਹੋਏ ਕਿਹਾ ਕਿ ਪੰਜਾਬ ਅਤੇ ਕੇਦਰ ਸਰਕਾਰ ਵੱਲੋ ਕਿਸਾਨੀ ਨੂੰ ਲਾਹੇਵੰਦ ਧੰਦਾਂ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਵਿੱਤੀ ਸਹਾਇਤਾ ਦਾ ਵੱਧ ਤੋ ਵੱਧ ਲਾਭ ਲੈਣਾ ਚਾਹੀਦਾ ਹੈ, ਤਾਂ ਜੋ ਨਵੀਆਂ ਤਕਨੀਕਾਂ ਅਤੇ ਬੈਕਾਂ ਨਾਲ ਜੁੜੇ ਹੋਏ ਲਾਭਾਂ ਦਾ ਫਾਇਦਾ ਉਠਾ ਕੇ ਆਪਣੀ ਆਮਦਨ ਵਧਾ ਸਕਣ।ਇਸ ਮੌਕੇ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗਿਕ ਕੇਂਦਰ ਸ੍ਰੀ ਪ੍ਰੀਤਮਹਿੰਦਰ ਸਿੰਘ, ਜ਼ਿਲ੍ਹਾ ਵਿਕਾਸ ਮੈਨੇਜਰ ਨਾਬਾਰਡ ਸ੍ਰੀ ਅਮਿਤ ਗਰਗ, ਖੇਤੀਬਾੜੀ ਵਿਕਾਸ ਅਫਸਰ ਸ੍ਰੀ ਵਕੀਲ ਸਿੰਘ ਵੱਲੋ ਆਪਣੇ-ਆਪਣੇ ਵਿਭਾਗ ਨਾਲ ਸਬੰਧਤ ਸਕੀਮਾਂ/ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਉਪ ਡਾਇਰੈਕਟਰ ਬਾਗਬਾਨੀ ਸ੍ਰੀ ਗੁਰਸ਼ਰਨ ਸਿੰਘ, ਸ੍ਰੀ ਸੁਖਦੇਵ ਸਿੰਘ, ਸ੍ਰੀ ਇੰਦਰਜੀਤ ਸਿੰਘ,ਹਰਮਨਪ੍ਰੀਤ ਸਿੰਘ,ਪ੍ਰਭਜੋਤ ਕੌਰ,ਬਾਗਬਾਨੀ ਵਿਕਾਸ ਅਫਸਰ ਰਮਨਦੀਪ ਕੌਰ, ਬਾਗਬਾਨੀ ਉਪ ਨਿਰੀਖਕ ਅਤੇ ਅਗਾਂਹਵਧੂ ਬਾਗਬਾਨ ਹਾਜ਼ਰ ਸਨ।




*WITH BEST COMPLIMENTS FROM*
**SARAF ELECTRICALS PVT.LTD.**
(AN ISO 9001 : 2015 Certified Co.)


RAJESH SARAF (MD)

Manufacturer of
- 33KV & 11KV CT/PT Units.
- 11KV Distribution Transformers.
- Metering-Cum-Isolation Panels.
- Substations.
- and LT CTs.


SAGAR SARAF
DIRECTOR

BATHINDA ROAD, RAMPURA PHUL-151103 (PUNJAB)
Email : se@sarafindia.co.in

SARAF ELECTRICALS PVT. LTD
BATHINDA ROAD
RAMPURA PHUL-151103
DISTT. BATHINDA
PH. +91-1651-220964,234300,
98147-20964, 97812-91000.
FAX: 234564
e mail :se@sarafindia.co.in
website:www.sarafindia.co.in